**International Journal of Multidisciplinary Research and Development**
**Online ISSN: 2349-4182, Print ISSN: 2349-5979, Impact Factor: RJIF 5.72**
**www.allsubjectjournal.com**
**Volume 3; Issue 6; June 2016; Page No. 210-213**

# ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਔਰਤ ਦੀ ਵੇਦਨਾ ਅਤੇ ਦਰਦ

**ਜਸਦੀਪ ਕੌਰ**

ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ

**ਸਾਰੰਸ਼:**
ਦਲੀਪ ਕੌਰ ਟਿਵਾਣਾ ਪੰਜਾਬੀ ਗਲਪ ਖੇਤਰ ਵਿਚ ਇਕ ਅਜਿਹੀ ਵਿਲੱਖਣ ਰਚਨਾਕਾਰ ਹੈ ਜਿਸ ਨੇ ਆਪਣੀ ਕਲਮ ਰਾਹੀਂ ਔਰਤ ਦੇ ਦਰਦ, ਸੰਤਾਪ ਅਤੇ ਪੀੜਾ ਨੂੰ ਵਿਭਿੰਨ ਝਰੋਖਿਆਂ ਰਾਹੀਂ ਚਿਤਰਣ ਦੀ ਪ੍ਰਮਾਣਕ ਸਿਰਜਣਾ ਕੀਤੀ ਹੈ। ਉਸ ਦੀ ਗਲਪ-ਸੰਵੇਦਨਾ ਦਾ ਰਹੱਸ ਇਹ ਹੈ ਕਿ ਉਹ ਨਿਰੰਤਰ ਸਾਹਿਤ ਚਿੰਤਨ ਵਿਚ ਔਰਤ ਦੀ ਵੇਦਨਾ ਦਾ ਸੰਵੇਦਨਸ਼ੀਲ ਗਲਪ ਬਿੰਬ ਉਸਾਰਦੀ ਆ ਰਹੀ ਹੈ। ਉਸ ਦੀ ਸਾਰੀ ਰਚਨਾਤਮਕ ਪ੍ਰਾਪਤੀ ਦੇ ਆਰ ਪਾਰ ਔਰਤ ਦਾ ਦਰਦ, ਉਸ ਦੀਆਂ ਵੇਦਨਾਵਾਂ ਅਤੇ ਸੰਤਾਪ ਫੈਲੇ ਹੋਏ ਹਨ। ਉਹ ਅਜਿਹੀ ਕਲਮਕਾਰ ਹੈ ਜੋ ਉਨ੍ਹਾਂ ਸਥਿਤੀਆਂ ਦਾ ਵਿਵੇਕ ਉਸਾਰਦੀ ਹੈ ਜਿਨ੍ਹਾਂ ਦੇ ਅੰਤਰਗਤ ਔਰਤ ਤ੍ਰਾਸਦ ਹੋਣੀ ਭੋਗਣ ਲਈ ਮਜਬੂਰ ਹੋ ਜਾਂਦੀ ਹੈ। ਉਹ ਔਰਤ ਦੀ ਹੋਂਦ ਅਣਹੋਂਦ ਉਪਰ ਨਿਰੰਤਰ ਲਿਖ ਰਹੀ ਹੈ। ਇਹੀ ਕਾਰਣ ਹੈ ਕਿ ਟਿਵਾਣਾ ਦੀ ਮੂਲ ਪਛਾਣ ਉਸ ਗਲਪਕਾਰ ਵਜੋਂ ਹੈ ਜੋ ਭਾਰਤੀ ਸਮਾਜ ਵਿਚ ਔਰਤ ਦੀ ਹੋਂਦ ਅਤੇ ਉਸ ਦੀਆਂ ਅੰਤਰ ਵੇਦਨਾਵਾਂ ਨੂੰ ਸੂਖਮ ਧਰਾਤਲ ਉਪਰ ਸਾਕਾਰ ਕਰ ਰਹੀ ਹੈ। ਨਿਰਸੰਦੇਹ ਦਲੀਪ ਕੌਰ ਟਿਵਾਣਾ ਦੀ ਰਚਨਾਤਮਕ ਪ੍ਰਾਪਤੀ ਦੇ ਆਰ ਪਾਰ ਮਜ਼ਲੂਮ ਔਰਤ ਦਾ ਬਿੰਬ ਹੈ, ਉਸ ਔਰਤ ਦੀ ਸਥਿਤੀ ਦਾ ਪ੍ਰਗਟਾਓ ਹੈ ਜੋ ਇਕ ਲੰਮੇ ਅਰਸੇ ਤੋਂ ਤ੍ਰਾਸਦ ਅਤੇ ਅਮਾਨਵੀ ਸਥਿਤੀਆਂ ਵਿਚ ਜਕੜਬੰਦ ਹੈ। ਟਿਵਾਣਾ ਦੇ ਨਾਵਲਾਂ ਵਿਚੋਂ ਔਰਤ ਦੀ ਸਥਿਤੀ ਦੇ ਅੰਤਰਗਤ ਉਸ ਚੇਤਨਾ ਦਾ ਵੀ ਰਹੱਸ ਉਘੜਦਾ ਹੈ ਜੋ ਔਰਤ ਦੀ ਮਾਨਸਿਕਤਾ ਦੇ ਵਿਕਾਸ ਨੂੰ ਪ੍ਰਗਟਾਉਂਦਾ ਹੈ। ਭਾਵ ਉਸ ਦੀ ਰਚਨਾਤਮਕ ਪ੍ਰਾਪਤੀ ਦੇ ਵਿਕਾਸ ਵਿਚੋਂ ਔਰਤ ਦੇ ਵਿਕਾਸ ਦੀ ਵੀ ਪ੍ਰਤੀਤੀ ਹੁੰਦੀ ਹੈ। ਉਸ ਦੀ ਸਮੁੱਚੀ ਰਚਨਾ ਦੇ ਆਰ ਪਾਰ ਔਰਤ ਦੀ ਵੇਦਨਾ ਫੈਲੀ ਹੋਈ ਹੈ। ਉਹ ਅਜਿਹੀ ਕਲਮਕਾਰ ਹੈ ਜੋ ਔਰਤ ਦੀ ਸਥਿਤੀ ਨੂੰ ਵੱਖ-ਵੱਖ ਸਮਾਜਕ ਧਰਾਤਲਾਂ ਉਪਰ ਉਸਾਰਦੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਉਹ ਇਕੋ ਇਕ ਨਾਵਲਕਾਰ ਹੈ, ਜਿਸ ਦੀ ਰਚਨਾ ਵਿਚ ਔਰਤ ਦਾ ਬਿੰਬ ਧਰਤੀ ਨਾਲ ਜੁੜਿਆ ਹੋਇਆ ਹੈ। ਇਹੀ ਰਹੱਸ ਹੈ ਕਿ ਹਰ ਸਮੀਖਿਆਕਾਰ ਨੇ ਉਸ ਨੂੰ ਔਰਤ ਦੀ ਆਵਾਜ਼ ਮੰਨਿਆ ਹੈ। ਉਸ ਦੀ ਰਚਨਾਤਮਕ ਪ੍ਰਾਪਤੀ ਇਹ ਹੈ ਕਿ ਜੋ ਸਥਿਤੀਆਂ ਔਰਤ ਨੂੰ ਅਣਹੋਇਆ ਬਣਾ ਦੇਂਦੀਆਂ ਹਨ, ਉਹ ਉਨ੍ਹਾਂ ਸਥਿਤੀਆਂ ਦਾ ਵਿਵੇਕ ਉਸਾਰਦੀ ਹੈ। ਸਥਿਤੀਆਂ ਦੀ ਕਰੜੀ ਜਕੜ ਵਿਚ ਅਣਹੋਈ ਬਣ ਰਹੀ ਔਰਤ ਉਸ ਦੀ ਕਲਮ ਰਾਹੀਂ ਉਦੈ ਹੁੰਦੀ ਹੈ। ਉਹ ਉਨ੍ਹਾਂ ਔਰਤ ਲੇਖਕਾਵਾਂ ਤੋਂ ਵੱਖਰੀ ਹੈ, ਜੋ ਰਚਨਾ ਸੰਸਾਰ ਵਿਚ ਔਰਤ ਦੀ ਆਜ਼ਾਦੀ ਦੇ ਗਲਪ ਬਿੰਬ ਉਸਾਰਦੀਆਂ ਹਨ ਜਾਂ ਔਰਤ ਦਾ ਬੇਬਾਕ ਅਤੇ ਨਿਰਲੱਜ ਰੂਪ ਪ੍ਰਗਟਾਉਂਦੀਆਂ ਹਨ। ਸਪੱਸ਼ਟ ਹੀ ਹੈ ਕਿ ਦਲੀਪ ਕੌਰ ਟਿਵਾਣਾ ਨੇ ਉਸ ਔਰਤ ਦੀ ਵੇਦਨਾ ਅਤੇ ਦਰਦ ਨੂੰ ਸਿਰਜਿਆ ਹੈ ਜੋ ਸਥਿਤੀਆਂ ਅਤੇ ਮਨ ਦੀਆਂ ਗੁੰਝਲ ਗੰਢੀਆਂ ਵਿਚ ਜਕੜੀ ਹੋਈ ਹੈ।

**ਮੁੱਖ ਸਬਦ:** ਵੇਦਨਾ, ਦਰਦ, ਰਚਨਾਤਮਕ, ਚੇਤਨਾ, ਗਲਪ, ਦ੍ਰਿਸ਼ਟੀਗੋਚਰ, ਝਰੋਖੇ ਆਦਿ.

ਦਲੀਪ ਕੌਰ ਟਿਵਾਣਾ ਨੇ ਆਪਣੇ ਨਾਵਲਾਂ ਵਿਚ ਜਿਥੇ ਔਰਤ ਦੇ ਦਰਦ ਦੇ ਵਿਭਿੰਨ ਝਰੋਖੇ ਉਸਾਰੇ ਹਨ, ਉਥੇ ਨਾਲ ਹੀ ਉਹ ਔਰਤ ਦੀ ਮੁਕਤੀ ਦੇ ਪਾਸਾਰ ਵੀ ਉਸਾਰੇ ਹਨ। ਉਸ ਦੀ ਸਿਰਜਣਾ ਦੀ ਪ੍ਰਾਪਤੀ ਇਹ ਹੈ ਕਿ ਉਹ ਔਰਤ ਦੇ ਸੰਤਾਪ ਦਾ ਕੋਈ ਇਕ ਲਕੀਰੀ ਪਾਸਾਰ ਨਹੀਂ ਉਸਾਰਦੀ। ਉਹ ਇਸ ਰਹੱਸ ਤੋਂ ਵਾਕਿਫ਼ ਹੈ ਕਿ ਹਰ ਔਰਤ ਦਾ ਦਰਦ ਇਕੋ ਜਿਹਾ ਨਹੀਂ, ਜੇਕਰ ਇਕ ਔਰਤ ਜਾਗੀਰਦਾਰੀ ਸਿਸਟਮ ਵਿਚ ਆਰਥਿਕਤਾ ਦੇ ਸੰਕਟ ਕਾਰਨ ਲਤਾੜੀ ਜਾਂਦੀ ਹੈ ਤਾਂ ਦੂਜੇ ਪਾਸੇ ਉਹ ਔਰਤ ਵੀ ਹੈ ਜੋ ਆਪਣੀ ਆਤਮ ਪਛਾਣ ਅਤੇ ਸ੍ਵੈ-ਚੇਤਨਾ ਦੇ ਸੰਤਾਪ ਕਾਰਨ ਤ੍ਰਾਸਦੀ ਦਾ ਪਾਤਰ ਬਣਦੀ ਹੈ। ਇਨ੍ਹਾਂ ਔਰਤਾਂ ਦੇ ਸੰਸਾਰ ਵਿਚ ਉਸ ਔਰਤ ਦਾ ਬਿੰਬ ਵੀ ਹੈ ਜੋ ਨਾ ਤਾਂ ਆਰਥਿਕ ਸੰਕਟ ਹੰਢਾਉਂਦੀ ਹੈ ਅਤੇ ਨਾ ਹੀ ਉਸ ਲਈ ਕੋਈ ਆਤਮ ਪਛਾਣ ਦਾ ਸੰਕਟ ਹੈ। ਇਹ ਉਹ ਔਰਤ ਹੈ ਜੋ ਮਰਦ ਦੇ ਵਿਰੋਧ ਵਿਚ ਅਜਿਹੀ ਉਭਾਸਰਦੀ ਹੈ ਕਿ ਮਰਦ ਲਈ ਜੀਊਣਾ ਮਰਨਾ ਇਕ ਬਰਾਬਰ ਹੋ ਜਾਂਦਾ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਔਰਤ ਅਸੰਤੁਲਤ ਸਮਾਜਕ ਸਥਿਤੀ ਦੀ ਸੀਮਾ ਵਿਚ ਵਿਚਰਦੀ ਹੋਈ ਜੋ ਮਾਨਸਕ ਪੀੜ ਹੰਢਾਉਂਦੀ ਹੈ, ਉਸ ਨੂੰ ਨਾਵਲਕਾਰ ਦੁਆਰਾ ਧੁਰ ਅੰਦਰੋਂ ਪਛਾਣਨ ਅਤੇ ਸਾਕਾਰ ਕਰਨ ਦਾ ਰਚਨਾਤਮਕ ਕਰਮ ਬਾਖੂਬੀ ਨਿਭਾਇਆ ਗਿਆ ਹੈ। ਟਿਵਾਣਾ ਆਪਣੇ ਇਸ ਕਰਮ ਨੂੰ ਇਕ ਧਰਮ ਵਾਂਗ ਨਿਭਾਉਂਦੀ ਹੈ। ਉਹ ਖੁਦ ਆਪਣੀ ਕਲਮ ਦੇ ਇਸ ਸਹਿਜ ਧਰਮ ਨੂੰ ਬੜੀ ਬਾਖੂਬੀ ਬਿਆਨ ਕਰਦੀ ਹੈ:—

''ਲਿਖਤ ਨੇ ਸਭ ਕੁਝ ਆਪ ਹੀ ਨਹੀਂ ਸਮਝਾ ਕੇ ਜਾਣਾ ਹੁੰਦਾ। ਮੇਰਾ ਮਤਲਬ ਹੈ ਲਿਖਤ ਨੇ ਪਾਠਕਾਂ ਦੀ ਪੱਧਰ ਉਪਰ ਨਹੀਂ ਉਤਰਨਾ ਹੁੰਦਾ ਸਗੋਂ ਪਾਠਕਾਂ ਨੇ ਲਿਖਤ ਤੱਕ ਪਹੁੰਚਣਾ ਹੁੰਦਾ ਹੈ। ਜਿਵੇਂ ਸੂਰਜ ਸਿਰਫ਼ ਤੁਹਾਡੇ ਲਈ ਨਹੀਂ ਚੜ੍ਹਦਾ, ਫੁੱਲ ਸਿਰਫ ਤੁਹਾਡੇ ਲਈ ਨਹੀਂ ਖਿੜਦੇ, ਕੋਇਲ ਤੁਹਾਡੇ ਲਈ ਨਹੀਂ ਕੂਕਦੀ। ਇਹ ਉਨ੍ਹਾਂ ਦਾ ਆਪਣਾ ਕਰਮ ਹੈ। ਇਸੇ ਤਰ੍ਹਾਂ ਲੇਖਕ ਲਈ ਲਿਖਣਾ ਜੇ ਸਹਿਜ ਕਰਮ ਨਹੀਂ ਤਾਂ ਉਹ ਕਲਾਕਾਰ ਦੀ ਥਾਂ ਕਾਰੀਗਰ ਹੋਵੇਗਾ। ਕਾਰੀਗਰ ਹੋਣਾ ਕੋਈ ਮਾੜੀ ਜਾਂ ਛੋਟੀ ਗੱਲ ਨਹੀਂ ਪਰ ਉਹ ਕਲਾਕਾਰ ਹੋਣਾ ਨਹੀਂ ਹੁੰਦਾ।''[1]

ਆਪਣੇ ਰਚਨਾਤਮਕ ਧਰਮ ਦੀ ਗੱਲ ਕਰਦਿਆਂ ਉਸ ਨੇ ਇਹ ਰਹੱਸ ਪ੍ਰਗਟਾ ਦਿੱਤਾ ਹੈ ਕਿ ਉਸ ਦੀ ਲਿਖਤ ਦਾ ਉਦੇਸ਼ ਪਾਠਕਾਂ ਅੰਦਰ ਇਕ ਚੇਤਨਾ ਜਗਾਉਣਾ ਹੈ। ਜੋ ਕਰਮ ਇਕ ਧਰਮ ਵਾਂਗ ਨਿਭਾਇਆ ਜਾਵੇ, ਉਸ ਦੀ ਪ੍ਰਮਾਣਕਤਾ ਨੂੰ ਕਿਸੇ ਹੋਰ ਦੀ ਪੁਸ਼ਟੀ ਦੀ ਲੋੜ ਨਹੀਂ ਰਹਿੰਦੀ। ਇਹੀ ਕਾਰਨ ਹੈ ਕਿ ਸਮੀਖਿਆ ਸੰਸਾਰ ਵਿਚ ਦਲੀਪ ਕੌਰ ਟਿਵਾਣਾ ਨੂੰ ਇਕੋ ਇਕ ਅਜਿਹੀ ਲੇਖਕਾ ਮੰਨਿਆ ਗਿਆ ਹੈ, ਜੋ ਔਰਤ ਦੀ ਵੇਦਨਾ ਨੂੰ ਸੰਵੇਦਨਾ ਦਾ ਝਰੋਖਾ ਦੇਂਦੀ ਹੈ। ਉਸ ਦੀਆਂ ਦਬੀਆਂ ਸਤਾਈਆਂ ਖਾਹਿਸ਼ਾਂ ਨੂੰ ਬੋਲ ਦੇਂਦੀ ਹੈ, ਉਸ ਦੀਆਂ ਸਥਿਤੀਆਂ ਦੀ ਜਕੜ ਦਾ ਵਿਵੇਕ ਉਸਾਰਦੀ ਹੈ। ਉਹ ਉਸ ਔਰਤ ਦਾ ਬਿੰਬ ਉਸਾਰਦੀ ਹੈ ਜੋ ਜੀਊਣ ਦੀ ਲੋਚਾ ਵਿਚ ਤੜਪਦੀ ਹੈ। ਔਰਤ ਦੀ ਇਸ ਅੰਤਰ-ਵੇਦਨਾ ਦੇ ਵਿਭਿੰਨ ਪਾਸਾਰ ਉਸਾਰਦੀ ਹੋਈ ਉਹ ਔਰਤ ਦੇ ਦਰਦ ਦੇ ਬਹੁ-ਪਾਸਾਰੀ ਪਹਿਲੂ ਉਘਾੜਦੀ ਹੈ। ਨਿਰਸੰਦੇਹ ਉਸਦੀ ਰਚਨਾਤਮਕ ਸਿਰਜਣਾ ਦੇ ਆਰਪਾਰ ਔਰਤ ਦੀ ਵੇਦਨਾ ਫੈਲੀ ਹੋਈ ਹੈ।

ਦਲੀਪ ਕੌਰ ਟਿਵਾਣਾ ਇਕ ਅਜਿਹੀ ਪ੍ਰਤਿਬਧ ਲੇਖਕਾ ਹੈ, ਜੋ ਔਰਤ ਦੀ ਸੀਮਾ ਅਤੇ ਸੰਭਾਵਨਾ ਨੂੰ ਅਰਥ ਦੇਂਦੀ ਹੈ। ਉਹ ਖੁਦ ਇਸ ਵਿਚਾਰ ਦੀ ਧਾਰਨੀ ਹੈ ਕਿ ਅੱਜ ਦੀ ਔਰਤ ਕੋਲ ਜੀਊਣ ਦਾ ਮਾਡਲ ਨਹੀਂ। ਉਸਦੀ ਇਹ ਮੂਲ ਧਾਰਨਾ ਹੈ ਕਿ ਪੱਛਮ ਦੀ ਸੁਤੰਤਰ ਸੋਚ ਅਤੇ ਵਿਅਕਤਿਤਵ ਵਾਲੀ ਔਰਤ ਦਾ ਮਾਡਲ ਭਾਰਤੀ ਸਿਸਟਮ ਵਿਚ ਪ੍ਰਵਾਣ ਨਹੀਂ ਹੋ ਸਕਦਾ। ਉਹ ਖੁਦ ਲਿਖਦੀ ਹੈ ਕਿ, ''ਅੱਜ ਦੀ ਔਰਤ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਜਿਉਣ ਲਈ ਉਸ ਕੋਲ ਕੋਈ ਮਾਡਲ ਨਹੀਂ। ਪੁਰਾਣੇ ਵੇਲਿਆਂ ਵਿਚ ਧਰਮ ਹਰ ਇਨਸਾਨ ਲਈ ਸ੍ਵੈ ਨਾਲ, ਸ੍ਰਿਸ਼ਟੀ ਨਾਲ, ਕੁਦਰਤ ਨਾਲ, ਰੱਬ ਨਾਲ ਰਿਸ਼ਤਿਆਂ ਦਾ ਇਕ ਮਾਡਲ ਦਿੰਦਾ ਸੀ, ਜਿਸ ਅਨੁਸਾਰ ਉਹ ਜ਼ਿੰਦਗੀ ਦੀਆਂ ਸੰਚਾਲਕ ਸ਼ਕਤੀਆਂ ਨਾਲ ਨਜਿੱਠਦਾ ਸੀ ਤੇ ਖਰੇ ਖੋਟੇ ਦੀ ਪਰਖ ਕਰਦਾ ਸੀ। ਜਿਵੇਂ ਸੀਤਾ ਨੂੰ ਜਦੋਂ ਰਾਵਣ ਚੁਕ ਕੇ ਲੈ ਜਾਂਦਾ ਹੈ ਤਾਂ ਉਸ ਦੇ ਡਿਗੇ ਹੋਏ ਗਹਿਣੇ ਲਛਮਣ ਨੂੰ ਵਿਖਾ ਕੇ ਪੁੱਛਿਆ ਜਾਂਦਾ ਹੈ ਕਿ

ਕੀ ਇਹ ਸੀਤਾ ਦੇ ਗਹਿਣੇ ਹਨ ? ਹਾਂ, ਉਹ ਆਖਦਾ ਹੈ ਕਿ ਮੈਂ ਭਾਬੀ ਦੇ ਸਿਰਫ ਪੈਰਾਂ ਦੇ ਹੀ ਗਹਿਣੇ ਪਹਿਚਾਣ ਸਕਦਾ ਹਾਂ ਕਿਉਂਕਿ ਪੈਰਾਂ ਤੋਂ ਉਤਾਂਹ ਮੈਂ ਕਦੇ ਉਸ ਵਲ ਦੇਖਿਆ ਹੀ ਨਹੀਂ ਸੀ। ਇਥੇ ਰਮਾਇਣ ਦਿਓਰ ਭਾਬੀ ਦੇ ਰਿਸ਼ਤੇ ਦਾ ਇਕ ਮਾਡਲ ਦੇ ਰਹੀ ਹੈ। ਇਸੇ ਤਰ੍ਹਾਂ ਦੂਜੇ ਰਿਸ਼ਤਿਆਂ ਦੇ ਮਾਡਲ ਵੀ ਹਨ। ਅੱਜ ਨਾ ਸਿਨੇਮਾ, ਨਾ ਟੀ. ਵੀ. ਤੇ ਨਾ ਹੀ ਸਾਹਿਤ ਕੋਈ ਮਾਡਲ ਦੇਣ ਦੇ ਸਮਰੱਥ ਹੈ ਕਿਉਂਕਿ ਪਰੰਪਰਾ ਨੂੰ ਅਸੀਂ ਤਿਆਗ ਦਿੱਤਾ ਹੈ ਤੇ ਆਧੁਨਿਕਤਾ ਦੀ ਸਾਨੂੰ ਸਮਝ ਨਹੀਂ। ਪੱਛਮ ਦੀ ਸੁਤੰਤਰ ਸੋਚ ਅਤੇ ਸੁਤੰਤਰ ਵਿਅਕਤਿਤਵ ਵਾਲੀ ਔਰਤ ਦਾ ਮਾਡਲ ਵੀ ਸਾਡੇ ਲਈ ਕਾਫੀ ਨਹੀਂ ਕਿਉਂਕਿ ਔਰਤ ਉਥੇ ਵੀ ਸੁਖੀ ਨਹੀਂ ?''[2]

ਅਜਿਹੀ ਔਰਤ ਦਾ ਬਿੰਬ 'ਕਥਾ ਕਹੋ ਉਰਵਸ਼ੀ' ਦੀ ਅਲਕਾ ਰਾਹੀਂ ਦੇਖਿਆ ਜਾ ਸਕਦਾ ਹੈ। ਜਾਗੀਰਦਾਰੀ ਸਿਸਟਮ/ਮਰਦ ਪ੍ਰਧਾਨ ਸਮਾਜ ਅਤੇ ਆਰਥਿਕਤਾ ਦੀ ਜਕੜ ਵਿਚ ਗ੍ਰਸੀ ਔਰਤ ਦਾ ਪ੍ਰਮਾਣ 'ਏਹੁ ਹਮਾਰਾ ਜੀਵਣਾ' ਦੀ ਭਾਨੋ ਵਾਲਾ ਹੈ ਜੋ ਬੇਵੱਸ ਅਤੇ ਮਰਦ ਦੀ ਜ਼ਹਿਨੀਅਤ ਕਾਰਨ ਤ੍ਰਾਸਦੀ ਭੋਗਦੀ ਹੈ।

ਔਰਤ ਦੀ ਤ੍ਰਾਸਦੀ ਦਾ ਅਗਲੇਰਾ ਰੂਪ ਟਿਵਾਣਾ ਦੇ ਨਾਵਲਾਂ ਦੀਆਂ ਉਨ੍ਹਾਂ ਪੜ੍ਹੀਆਂ ਲਿਖੀਆਂ, ਮੱਧ ਸ਼੍ਰੇਣੀ ਨਾਲ ਜੁੜੀਆਂ ਔਰਤਾਂ ਦੇ ਗਲਪ ਬਿੰਬ ਵਿਚੋਂ ਉਘੜਦਾ ਹੈ ਜੋ ਆਪਣੇ ਨਾਲ ਵਾਪਰ ਰਹੇ ਦੁੱਖਾਂ ਦੇ ਵਿਵੇਕ ਤੋਂ ਚੇਤੰਨ ਹਨ ਪਰ ਉਨ੍ਹਾਂ ਪਾਸ ਇਨ੍ਹਾਂ ਤੋਂ ਮੁਕਤ ਹੋਣ ਦਾ ਸਾਹਸ ਨਹੀਂ। ਉਹ ਆਪਣੇ ਨਾਲ ਹੋ ਰਹੇ ਜ਼ੁਲਮਾਂ ਅਤੇ ਵਾਪਰ ਰਹੇ ਦੁੱਖਾਂ ਨੂੰ ਅੰਦਰੋਂ ਅੰਦਰੀ ਸਹਿਣ ਲਈ ਮਜਬੂਰ ਹਨ। ਸਮਾਜ ਦੇ ਅਸੰਤੁਲਤ ਢਾਂਚੇ ਅਤੇ ਚਿਰਾਂ ਤੋਂ ਬਣੀ ਆ ਰਹੀ ਸਭਿਆਚਾਰਕ ਮਰਯਾਦਾ ਅੰਦਰ ਪਾਟਕ ਪਾਉਣ ਦੀ ਹਿੰਮਤ ਅਤੇ ਸਮਰੱਥਾ ਉਨ੍ਹਾਂ ਵਿਚ ਨਹੀਂ। ਸਥਿਤੀ ਦਾ ਤ੍ਰਾਸਦਕ ਪੱਖ ਇਹ ਹੈ ਕਿ ਉਹ ਪੜ੍ਹੀਆਂ ਲਿਖੀਆਂ ਅਤੇ ਸਵੈ ਚੇਤੰਨ ਹੋਣ ਦੇ ਬਾਵਜੂਦ ਵੀ ਸਮੱਸਿਆ ਦਾ ਵਿਰੋਧ ਕਰਨ ਦੀ ਜਗ੍ਹਾ ਦੁਖ ਨੂੰ ਪੀ ਕੇ ਅਤੇ ਜਰ ਕੇ ਹੀ ਆਪਣੇ ਆਪ ਨੂੰ ਸੋਚਾਂ ਦੀਆਂ ਗਹਿਰੀਆਂ ਖਾਈਆਂ ਵਿਚ ਗੁਆ ਬੈਠਦੀਆਂ ਹਨ। 'ਅਗਨੀ ਪ੍ਰੀਖਿਆ' ਦੀ ਮਨਦੀਪ, 'ਸਰਕੰਡਿਆਂ ਦੇ ਦੇਸ਼' ਦੀ ਪ੍ਰੀਤੀ, 'ਵਾਟ ਹਮਾਰੀ' ਦੀ ਕੰਵਲ, 'ਧੁਪ ਛਾਂ ਤੇ ਰੁੱਖ' ਦੀ ਪ੍ਰਸਿੱਧ ਡਾਂਸਰ ਕਮਲ ਲਤਾ, ਸੂਰਜ ਅਤੇ ਸਮੁੰਦਰ ਦੀ 'ਸੋਨਾ ਭਾਬੀ', 'ਹਸਤਾਖਰ' ਦੀ ਪ੍ਰੋਫੈਸਰ ਸੀਮਾ, ਐਰ ਵੈਰ ਮਿਲਦਿਆਂ ਦੀ ਹਰਜੀਤ ਆਦਿ।

ਟਿਵਾਣਾ ਦੇ ਨਾਵਲਾਂ ਵਿਚ ਸਮਾਜ ਵਿਚ ਔਰਤ ਦੀ ਤ੍ਰਾਸਦੀ ਦੇ ਵਿਭਿੰਨ ਗਲਪ ਬਿੰਬਾਂ ਦੀ ਪ੍ਰਸਤੁਤੀ ਦੇ ਨਾਲ ਅਜਿਹੀ ਔਰਤਾਂ ਦੇ ਗਲਪ ਬਿੰਬ ਵੀ ਉਭਰੇ ਹਨ, ਜੋ ਆਪਣੀ ਆਤਮ ਪਛਾਣ ਸਥਾਪਤ ਕਰਨ ਲਈ ਪ੍ਰਯਤਨਸ਼ੀਲ ਹਨ। ਅਜਿਹੇ ਨਾਰੀ ਪਾਤਰ ਸਵੈ ਚੇਤੰਨ, ਆਰਥਕ ਤੌਰ 'ਤੇ ਸਵੈ ਨਿਰਭਰ, ਸਮਾਜ ਵਿਚ ਆਪਣੀ ਬੁਧ ਬਿਬੇਕ ਦੇ ਬਲ ਉਤੇ ਵੱਖਰੀ ਪਹਿਚਾਣ ਬਣਾਉਣ ਵਾਲੇ, ਸਮਰੱਥਾਵਾਨ ਰੁਤਬੇ ਅਤੇ ਬਲਵਾਨ ਮਨੋਬਲ ਵਾਲੇ ਹਨ। ਪਰ ਦੁਖ ਦੀ ਪ੍ਰਤੀਤੀ ਇਸ ਤੱਥ ਵਿਚ ਹੈ ਕਿ ਬਦਲ ਰਹੀਆਂ ਸਮਾਜਕ ਪ੍ਰਸਥਿਤੀਆਂ ਵਿਚ ਵੀ ਉਨ੍ਹਾਂ ਨੂੰ ਸਮਝਣ ਦੀ ਸ਼ਕਤੀ ਅਤੇ ਨਜ਼ਰੀਆ ਸਮਾਜ ਕੋਲ ਨਹੀਂ ਹੈ। ਇਨ੍ਹਾਂ ਖੁਦਦਾਰ, ਸੁਤੰਤਰ, ਬੌਧਿਕ ਸੋਚ ਵਾਲੀਆਂ ਅਤੇ ਸਵੈ ਨਿਰਭਰ ਔਰਤਾਂ ਦੇ ਵਰਗ ਨੂੰ ਦਬਾਉਣ ਲਈ ਅਜੇ ਵੀ ਮਰਦ ਜਮਾਤ ਆਪਣੀ ਪੂਰੀ ਸ਼ਕਤੀ ਨਾਲ ਬਿਫਰਦੀ ਹੈ ਅਤੇ ਉਨ੍ਹਾਂ ਨੂੰ ਮਾਨਸਿਕ ਰੂਪ ਵਿਚ ਸਤਾਉਣ ਲਈ ਦਮਨਕਾਰੀ ਰਵੱਈਆ ਅਖ਼ਤਿਆਰ ਕਰਨ ਵਾਸਤੇ ਛਟਪਟਾਉਂਦੀ ਹੈ ਪਰ ਔਰਤ ਦਾ ਇਹ ਬਦਲਵਾਂ ਰੂਪ ਬੜੇ ਲੰਬੇ ਸਫ਼ਰ, ਸੰਘਰਸ਼ ਅਤੇ ਦੁੱਖ ਦੀਆਂ ਅਸਹਿ ਸਥਿਤੀਆਂ ਵਿਚੋਂ ਆਪਣੇ ਮਨੋ ਬਲ ਅਤੇ ਵਿਦਿਅਕ ਯੋਗਤਾ ਨਾਲ ਨਿਜਾਤ ਪਾ ਕੇ ਹੀ ਹੋਂਦ ਵਿਚ ਆਇਆ ਹੈ। ਸਮਾਜ ਵਿਚ ਔਰਤ ਦੇ ਉਭਰੇ ਅਜਿਹੇ ਸਮੱਗਰ ਰੂਪ ਨੂੰ ਟਿਵਾਣਾ ਨੇ ਆਪਣੀ ਗਲਪ ਕਿਰਤਾਂ 'ਪੈੜ ਚਾਲ', 'ਜਿੰਮੀ ਪੁਛੈ ਅਸਮਾਨ', 'ਐਰ ਵੈਰ ਮਿਲਦਿਆਂ', 'ਭਉਜਲ', 'ਜਨਮ ਜੂਐ ਹਾਰਿਆ' ਅਤੇ 'ਪੌਣਾਂ ਦੀ ਜਿੰਦ ਮੇਰੀ' ਵਿਚ ਬੜੇ ਪ੍ਰਮਾਣਕ ਰੂਪ ਵਿਚ ਚਿਤਰਿਆ ਹੈ। ਇਹ ਗਲਪ ਚਿਤਰ ਸਵੈ-ਵਿਸ਼ਵਾਸ, ਆਤਮ-ਪਛਾਣ ਅਤੇ ਬੌਧਿਕ ਮਾਨਸਿਕਤਾ ਨਾਲ ਲਬਰੇਜ ਆਧੁਨਿਕ ਸੰਵੇਦਨਾ ਵਾਲੀ ਨਾਰੀ ਦਾ ਹੈ ਜੋ ਬੜੇ ਵਿਸ਼ਵਾਸ ਨਾਲ ਇਹ ਕਹਿਣ ਦੀ ਸਮਰੱਥਾ ਰਖਦੀ ਹੈ ਕਿ ''ਸਾਡੀ ਤਕਦੀਰ ਹੁਣ ਸਾਡੀ ਨਹੀਂ ਰਹਿ ਗਈ ਸਮਾਜ ਨਾਲ, ਦੇਸ਼ ਨਾਲ ਇਥੋਂ ਤਕ ਕਿ ਸਾਰੀ ਦੁਨੀਆਂ ਦੀ ਤਕਦੀਰ ਨਾਲ ਜੁੜੀ ਹੋਈ ਹੈ।'' ਅਤੇ ''ਮੇਰਾ ਭਵਿਸ਼ ਉਹੀ ਹੋਵੇਗਾ, ਜੋ ਮੈਂ ਚਾਹਾਂਗੀ।'' ਇਹ ਉਪਰੋਕਤ ਵਿਚਾਰ ਸ਼ਬਦਾਂ ਦੇ ਭਰਮ ਜਾਲ ਨਹੀਂ ਸਗੋਂ ਟਿਵਾਣਾ ਦੇ ਨਵੇਂ ਨਾਵਲਾਂ ਵਿਚ ਵਿਵਹਾਰਕਤਾ ਵੀ ਗ੍ਰਹਿਣ ਕਰਦੇ ਹਨ।

ਦਲੀਪ ਕੌਰ ਟਿਵਾਣਾ ਦੇ ਰਚਨਾਤਮਕ ਸੰਸਾਰ ਉਪਰ ਦ੍ਰਿਸ਼ਟੀਗੋਚਰ ਹੋਈਏ ਤਾਂ ਇਸ ਰਹੱਸ ਦੀ ਪ੍ਰਤੀਤੀ ਹੁੰਦੀ ਹੈ ਕਿ ਉਹ ਇਕ ਚੇਤੰਨ ਪੜ੍ਹੀ ਲਿਖੀ ਲੇਖਕਾ ਹੈ ਜੋ ਔਰਤ ਦੀ ਤ੍ਰਾਸਦਕ ਸਥਿਤੀ ਨੂੰ ਵਿਵੇਕ ਦੀ ਪੱਧਰ ਉਪਰ ਚਿਤਰਦੀ ਹੈ। ਉਹ ਆਪਣੀ ਚਿੰਤਨ ਯਾਤਰਾ ਦੀ ਗੱਲ ਕਰਦੀ ਲਿਖਦੀ ਹੈ ਕਿ, ''ਲੇਖਕਾ ਤਾਂ ਬਣ ਗਈ ਪਰ ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਆਖਿਰ ਕਿਉਂ ਲਿਖਦੀ ਹਾਂ। ਬਸ ਮਨ ਕਰਨਾ ਤੇ ਲਿਖ ਲੈਣਾ। ਕਿਵੇਂ – – – ਨਾ ਜਾਣੇ ਕਿਧਰੋਂ ਕੱਖ ਕਾਣ ਇਕੱਠਾ ਹੋ ਗਿਆ। ਬਿਜਲੀ ਚਮਕੀ। ਚੰਘਿਆੜਾ ਮਘਿਆ ਤੇ ਭਾਂਬੜ ਬਣ ਪਿਆ। ਨਾ ਜਾਣੇ ਕਿਧਰੋਂ ਕਿਧਰੋਂ ਹਵਾਵਾਂ ਝੁੱਲੀਆਂ। ਬਦਲਾਂ ਦੇ ਟੋਟੇ ਅਸਮਾਨ ਉੱਤੇ ਆ ਜੁੜੇ ਤੇ ਕਣੀਆਂ ਲਹਿ ਪਈਆਂ। ਮੀਂਹ ਵਰ੍ਹ ਪਿਆ। ਇਹੋ ਜਿਹੀ ਹੀ ਕੁਝ ਮੇਰੀ ਰਚਨ ਪ੍ਰਕ੍ਰਿਆ ਸੀ।''[3]

ਅਜਿਹੀ ਰਚਨਾ ਪ੍ਰਕ੍ਰਿਆ ਜੋ ਚੰਗਿਆੜੀ ਤੋਂ ਭਾਂਬੜ ਬਣੀ ਹੈ, ਨਿਰਸੰਦੇਹ ਬੜੀ ਅਰਥ ਭਰਪੂਰ ਹੈ। ਇਹੀ ਰਹੱਸ ਹੈ ਕਿ ਟਿਵਾਣਾ ਦੇ ਨਾਵਲਾਂ ਵਿਚ ਔਰਤ ਦੀ ਵੇਦਨਾ ਦੇ ਬਹੁ-ਪਰਤੀ ਰਹੱਸ ਉਘੜੇ ਹਨ। ਉਹ ਔਰਤ ਦੇ ਦੁੱਖ ਦਰਦ ਵਿਚ ਏਨੀ ਭਿੱਜੀ ਹੋਈ ਹੈ ਕਿ ਉਸ ਦੀ ਰਚਨਾਤਮਕ ਯਾਤਰਾ ਦਾ ਹਰ ਬਿੰਦੂ ਇਸ ਦਰਦ ਉਪਰ ਹੀ ਸਿਮਟਿਆ ਹੈ। ਉਸ ਦੀ ਸਿਰਜਣਾਤਮਕਤਾ ਦੇ ਕੇਂਦਰ ਵਿਚ ਔਰਤ ਹੈ ਅਤੇ ਇਸ ਔਰਤ ਦੇ ਆਰ ਪਾਰ ਸਾਰਾ ਸਮਾਜਕ-ਆਰਥਿਕ ਪ੍ਰਪੰਚ ਸਾਕਾਰ ਹੋਇਆ ਹੈ। ਉਹ ਔਰਤ ਦੇ ਅਹਿਸਾਸਾਂ ਅਤੇ ਅੰਦਰਲੀਆਂ ਸਿਸਕੀਆਂ ਨੂੰ ਜ਼ਬਾਨ ਦੇਣ ਵਾਲੀ ਲੇਖਕਾ ਹੈ। ਉਸ ਦੇ ਨਾਵਲਾਂ ਵਿਚ ਇਸ ਅੰਤਰ-ਦ੍ਰਿਸ਼ਟੀ ਦੀ ਪ੍ਰਤੀਤੀ ਹੁੰਦੀ ਹੈ ਕਿ ਸਮਾਜਕ ਧਰਾਤਲ ਉਪਰ ਸਥਿਤੀਆਂ ਬਦਲਦੀਆਂ ਤਾਂ ਹਨ ਪਰੰਤੂ ਔਰਤ ਦਾ ਦਰਦ ਉਵੇਂ ਬਣਿਆ ਰਹਿੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਔਰਤ ਜੇਕਰ ਇਕ ਧਰਾਤਲ ਉਪਰ ਮੁਕਤ ਹੁੰਦੀ ਹੈ ਤਾਂ ਦੂਜੀ ਧਰਾਤਲ ਉਪਰ ਦੁੱਖ ਹੋਰ ਵੀ ਵਧੇਰੇ ਸੰਘਣਾ ਹੋ ਕੇ ਮਿਲ ਪੈਂਦਾ ਹੈ। ਟਿਵਾਣਾ ਇਸੇ ਦਰਦ ਦੀ ਥਾਹ ਪਾਉਂਦੀ ਹੈ ਕਿ ਉਹ ਧਿਰ ਜੋ ਜੀਊਣਾ ਲੋਚਦੀ ਹੈ, ਹੋਣਾ ਥੀਣਾ ਚਾਹੁੰਦੀ ਹੈ ਪਰ ਮਰਦ ਪ੍ਰਧਾਨ ਸੋਚ ਦੀ ਜਕੜ ਏਨੀ ਕਰੜੀ ਹੈ ਕਿ ਉਹ ਜੀਊਂਦਿਆਂ ਵਿਚ ਸ਼ੁਮਾਰ ਹੋ ਕੇ ਮਰੀ ਰਹਿੰਦੀ ਹੈ। ਔਰਤ ਦੇ ਇਸ ਸੰਘਣੇ ਦਰਦ ਨੂੰ ਹੀ ਟਿਵਾਣਾ ਨੇ ਆਪਣੇ ਨਾਵਲਾਂ ਵਿਚ ਸਾਕਾਰ ਕੀਤਾ ਹੈ। ਇਹ ਉਹ ਧਿਰ ਹੈ ਜੋ ਬੰਧਨਾਂ ਵਿਚ ਘਿਰੀ ਗੁਆਚੀ ਹੋਈ ਹੈ। ਇਹ ਔਰਤ ਪੜ੍ਹ ਲਿਖ ਵੀ ਗਈ ਹੈ ਪਰ ਅਜੇ ਆਤਮ-ਵਿਸ਼ਵਾਸ ਵਾਲੀ ਨਹੀਂ ਬਣੀ। ਫਲਸਰੂਪ ਉਹ ਮਰਦ ਪ੍ਰਧਾਨ ਸਮਾਜ ਵਿਚ ਅਣਹੋਈ ਬਣਕੇ ਰਹਿ ਜਾਂਦੀ ਹੈ। ਇਹ ਔਰਤ ਆਪਣੇ ਆਪ ਨੂੰ ਪਰਿਭਾਸ਼ਿਤ ਕਰਨਾ ਚਾਹੁੰਦੀ ਹੈ ਪਰ ਜਦੋਂ ਵੀ ਉਸ ਦਾ ਬੋਲ ਰੜਕਦਾ ਹੈ, ਉਹ ਮਿਟਾ ਦਿੱਤੀ ਜਾਂਦੀ ਹੈ। ਉਹ ਆਪਣੇ ਨਾਲ ਹੋ ਰਹੇ ਅਨਿਆਂ ਵਿਰੁੱਧ ਉਭਾਸਰਦੀ ਤਾਂ ਹੈ ਪਰ ਉਸ ਦਾ ਵਿਰੋਧ ਇਕ ਸੀਮਾ ਤਕ ਹੀ ਫੈਲਦਾ ਹੈ। ਉਸ ਨਾਲ ਹਮਦਰਦੀ ਕਰਨ ਵਾਲੀਆਂ ਧਿਰਾਂ ਵੀ ਧੁਰ ਅੰਦਰੋਂ ਉਸਦੀ ਮੁੱਕਤੀ ਨੂੰ ਜਾਇਜ਼ ਨਹੀਂ ਠਹਿਰਾਉਂਦੀਆਂ। ਲੇਖਕਾ ਔਰਤ ਦੇ ਤਰਾਸ਼ੇ ਜਾਣ ਦੇ ਦਰਦ ਨੂੰ ਇੰਜ ਲਿਖਦੀ ਹੈਃਜ਼

''ਜੇ ਔਰਤ ਦਾ ਆਪਣਾ ਕੋਈ ਵਿਅਕਤਿਤਵ ਹੈ ਤਾਂ ਉਸ ਨੂੰ ਉਦੋਂ ਤੀਕ ਛਿਲਿਆ ਤਰਾਸ਼ਿਆ ਜਾਵੇਗਾ ਜਦੋਂ ਤਕ ਉਹ ਸਨਾਤਨੀ ਚੌਖਟੇ ਵਿਚ ਫਿੱਟ ਨਹੀਂ ਆਉਂਦਾ। ਇਹ ਛਿੱਲੇ ਤਰਾਸ਼ੇ ਜਾਣ ਦਾ ਕਰਮ ਬੜਾ ਦੁਖਦਾਈ ਹੁੰਦਾ ਹੈ। ਇਸ ਲਈ ਆਮ ਕਰਕੇ ਸਾਧਾਰਨ ਔਰਤਾਂ ਜ਼ਿੰਦਗੀ ਵਿਚ ਵਧੇਰੇ ਸੁਖੀ ਰਹਿੰਦੀਆਂ ਹਨ।''[4]

ਦਲੀਪ ਕੌਰ ਟਿਵਾਣਾ ਨੇ ਇਨ੍ਹਾਂ ਸ਼ਬਦਾਂ ਵਿਚ ਦਰਦ ਦੀ ਥਾਹ ਪਾਈ ਹੈ ਕਿ ਔਰਤ ਜੇਕਰ ਵਸਤੂ ਬਣਕੇ ਜੀਊਂਦੀ ਹੈ ਤਾਂ ਮਰਦ ਉਸ ਉਪਰ ਦਇਆਵਾਨ ਰਹਿੰਦਾ ਹੈ ਪਰ ਜਦੋਂ ਵੀ ਉਹ ਆਪਣਾ ਵਿਅਕਤਿਤ੍ਵ ਉਭਾਰਦੀ ਹੈ ਤਾਂ ਉਸ ਨੂੰ ਮਰਦ ਸਮਾਜ ਹੱਥੋਂ ਮਰਣਾ ਪੈਂਦਾ ਹੈ ਅਤੇ ਉਦੋਂ ਤਕ ਉਸਦੀ ਦੁਰਦਸ਼ਾ ਬਣਾਉਣੀ ਜਾਰੀ ਰਹਿੰਦੀ ਹੈ। ਜਿੰਨੀ ਦੇਰ ਤਕ ਉਹ ਮਰਦ/ਸਮਾਜ ਵਿਚ ਉਸਦੀ ਇੱਛਾ ਅਨੁਸਾਰ ਫਿਟ ਨਹੀਂ ਹੋ ਜਾਂਦੀ। ਇਨ੍ਹਾਂ ਸ਼ਬਦਾਂ ਮੂਲ ਵਿਵੇਕ ਇਹ ਹੈ ਕਿ ਔਰਤ ਲਈ ਵਸਤੂ ਬਣ ਕੇ ਰਹਿਣ ਵਿਚ ਹੀ ਪ੍ਰਵਾਨਗੀ ਹੈ। ਆਤਮ ਪਛਾਣ ਜਾਂ ਸ੍ਵੈ-ਪ੍ਰਗਟਾਵਾ ਉਸ ਲਈ ਵਰਜਿਤ ਹੈ। ਟਿਵਾਣਾ ਦੇ ਬਹੁਤ ਸਾਰੇ ਨਾਵਲਾਂ ਵਿਚ ਅਜਿਹੀ ਔਰਤ ਦੀ ਹੀ ਤਾਂ ਤ੍ਰਾਸਦੀ ਹੈ, ਜੋ ਆਪਣੀ ਆਤਮ ਪਛਾਣ ਲਈ ਜਤਨਸ਼ੀਲ ਹੈ। ਭਾਨੋ (ਇਹ ਹਮਾਰਾ ਜੀਵਣਾ) ਵਰਗੀਆਂ ਔਰਤਾਂ ਤਾਂ ਡੰਗਰ ਵਾਂਗ ਵੇਚ ਦਿਤੀਆਂ ਜਾਂਦੀਆਂ ਹਨ ਪਰ ਸਿਮਰਨ (ਪੈੜ ਚਾਲ) ਵਰਗੀਆਂ ਜਾਗਰਿਤ ਔਰਤਾਂ ਤੇ ਉਸਦੀ ਸਹੇਲੀ ਪਵਨ (ਪੌਣਾਂ ਦੀ ਜਿੰਦ ਮੇਰੀ), ਟਵਿੰਕਲ (ਜਨਮ ਜੂਐ ਹਾਰਿਆ) ਦੀ ਸਥਿਤੀ ਇਹ ਹੈ ਕਿ ਉਹ ਬਹੁਤੀ ਦੇਰ ਤਕ ਮਰਦ ਦਾ ਜ਼ੁਲਮ ਨਹੀਂ ਸਹਾਰ ਸਕਦੀਆਂ

ਅਤੇ ਨਾ ਹੀ ਉਸਦੇ ਅਮਾਨਵੀਪੁਣੇ ਨਾਲ ਕੋਈ ਲੰਬਾ ਸਮਝੌਤਾ ਕਰ ਸਕਦੀਆਂ ਹਨ। ਉਹ ਤਾਂ ਆਪਣੀ ਆਪਣੀ ਸਮਰੱਕਾ ਮੁਤਾਬਕ ਮਰਦ ਦੀ ਹਸਤੀ ਨੂੰ ਨੀਗੇਟ ਤੇ ਰੱਦ ਕਰਦੀਆਂ ਹੋਈਆਂ ਸਮਰੱਥਾਵਾਨ ਔਰਤ ਦੇ ਬਿੰਬ ਵਿਚ ਆਪਣੀ ਹਸਤੀ ਨੂੰ ਉਜਾਗਰ ਕਰ ਜਾਂਦੀਆਂ ਹਨ। 'ਪੌਣਾਂ ਦੀ ਜਿੰਦ ਮੇਰੀ' ਨਾਵਲ ਵਿਚ ਜਦੋਂ ਪਵਨ ਦਾ ਪਤੀ ਹਰ ਸਮੇਂ ਹਰ ਸਥਿਤੀ ਵਿਚ ਹਰ ਪੱਖੋਂ ਸੰਪੰਨ ਆਪਣੀ ਪਤਨੀ ਦੀ ਬੇਇਜ਼ਤੀ ਤੇ ਹੇਠੀ ਕਰਦਾ ਹੈ ਤਾਂ ਉਸਦੀ ਸਹੇਲੀ ਰੇਖਾ ਉਸਨੂੰ ਇੰਜ ਸਮਝਾਂਦੀ ਹੈ:—

''ਕਈ ਬੰਦੇ ਔਰਤ ਨੂੰ ਕਿਸੇ ਸਾਂਚੇ ਦੇ ਮੇਚ ਦੀ ਕਰਨ ਲਈ ਸਾਰੇ ਪਾਸਿਆਂ ਤੋਂ ਛਿਲਦੇ ਰਹਿੰਦੇ ਨੇ ਤੇ ਬੇਵਕੂਫ ਔਰਤ ਬੰਦੇ ਨੂੰ ਇਹ ਅਧਿਕਾਰ ਦੇਈ ਰਖਦੀ ਐ। ਤਦੇ ਹੀ ਸਾਡੇ ਮੁਲਕ ਵਿਚ ਔਰਤਾਂ ਜਲਾ ਦਿੱਤੀਆਂ ਜਾਂਦੀਆਂ ਨੇ, ਮਾਰ ਦਿੱਤੀਆਂ ਜਾਂਦੀਆਂ ਨੇ ਤੇ ਆਤਮਘਾਤ ਕਰਨ ਲਈ ਮਜ਼ਬੂਰ ਕਰ ਦਿੱਤੀਆਂ ਜਾਂਦੀਆਂ ਨੇ ਪਰ ਮੈਂ ਕਹਿੰਦੀ ਆਂ ਮਰਨਾ ਹੀ ਹੈ ਤਾਂ ਦੋ ਚਾਰ ਨੂੰ ਨਾਲ ਲੈ ਕੇ ਮਰੋ। ਅਗਲੇ ਨੂੰ ਪਤਾ ਤਾਂ ਲੱਗੇ, ਸੇਕ ਤਾਂ ਪਹੁੰਚੇ।''[5]

'ਹਸਤਾਖ਼ਰ' ਨਾਵਲ ਵਿਚ ਪ੍ਰੋ. ਅਮਰ ਦਾ ਕਿਰਦਾਰ ਅਜਿਹੇ ਮਨੁੱਖ ਦਾ ਹੀ ਕਿਰਦਾਰ ਹੈ। ਆਦਰਸ਼ ਦੀ ਗੱਲ ਕਰਨ ਵਾਲਾ ਹੀ ਇਕ ਚੰਗਾ ਪਤੀ ਨਹੀਂ ਬਣ ਸਕਿਆ। ਸੀਮਾ ਵਰਗੀ ਸ੍ਵੈ-ਚੇਤੰਨ ਔਰਤ ਬਰੇਨ- ਹੈਮਰੇਜ਼ ਨਾਲ ਮਰ ਜਾਂਦੀ ਹੈ। ਅਮਰ ਉਸ ਦੀ ਮੌਤ ਦਾ ਕਾਰਣ ਬਣਦਾ ਹੈ। ਡਾ. ਤਾਰਾ ਸਿੰਘ ਨੇ ਪ੍ਰੋ. ਅਮਰ ਦੇ ਦੁਬਿੱਧਾਗ੍ਰਸਤ ਵਿਅਕਤਿਤ੍ਵ ਨੂੰ ਹੀ ਸੀਮਾ ਦੇ ਦੁਖਾਂਤ ਦਾ ਕਾਰਣ ਮੰਨਿਆ ਹੈ। ਉਸਦੇ ਸ਼ਬਦਾਂ ਵਿਚ:ਜ਼

''ਸਥਿਤੀ ਦਾ ਦੁਖਾਂਤ ਇਹ ਹੈ ਕਿ ਪ੍ਰੋ. ਅਮਰ, ਜਿਹੜਾ ਸਮੁੱਚੇ ਪ੍ਰਾਪਤ ਪ੍ਰਬੰਧ ਨੂੰ ਬਦਲਣਾ ਚਾਹੁੰਦਾ ਹੈ, ਉਹ ਸਥਿਰ ਸੁਭਾਅ ਤੇ ਗਤੀਸ਼ੀਲ ਵਿਅਕਤਿਤਵ ਦਾ ਮਾਲਕ ਨਹੀਂ ਸਗੋਂ ਇਕ ਦੁਬਿਧਾਗ੍ਰਸਤ ਤੇ ਉਲਝੇ (ਫਰਅਚਿਤਕਦ) ਵਿਅਕਤੀ ਵਜੋਂ ਉਭਰਦਾ ਹੈ, ਜਿਹੜਾ ਆਪਣੀ ਆਰਟਿਸਟ ਪਤਨੀ ਦੀਆਂ ਮਾਨਸਿਕ ਤੇ ਬੌਧਿਕ ਲੋੜਾਂ ਨੂੰ ਸਮਝਣ ਤੋਂ ਵੀ ਅਸਮਰਥ ਜਾਪਦਾ ਹੈ। ਇਸ ਲਈ ਵਿਆਹ ਤੋਂ ਕੁਝ ਸਮਾਂ ਬਾਅਦ ਹੀ ਉਨ੍ਹਾਂ ਦੇ ਆਪਸੀ ਸੰਬੰਧਾਂ ਵਿਚ ਅਕੇਵਾਂ ਤੇ ਥਕੇਵਾਂ ਆ ਪ੍ਰਵੇਸ਼ ਕਰਦਾ ਹੈ। ਹੌਲੀ ਹੌਲੀ ਨੌਬਤ ਅਮਰ ਦੁਆਰਾ ਸ਼ਰਾਬ ਪੀ ਕੇ ਸੀਮਾ ਨੂੰ ਕੁੱਟਣ ਮਾਰਨ ਤੱਕ ਪਹੁੰਚ ਜਾਂਦੀ ਹੈ। ਇਉਂ ਜਾਪਦਾ ਹੈ ਕਿ ਪ੍ਰੋ. ਅਮਰ ਤੇ ਸੀਮਾ ਵਿਚ ਸਾਂਝੇ ਕਦਮ ਰੱਖਣ ਲਈ ਵਿੱਥ ਬਹੁਤ ਥੋੜ੍ਹੀ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਦੋਵਾਂ ਦੇ ਵਿਕਅਤਿਤਵ ਦੇ ਕੁਝ ਕਦਮ ਹੀ ਇਕ ਹੋ ਕੇ ਚੱਲ ਸਕਦੇ ਸਨ। ਦੋਹਾਂ ਦੇ ਸਮੁੱਚੇ ਵਿਅਕਤਿਤਵ ਵਿਚ ਢੇਰ ਅੰਤਰ ਹੋਣ ਸਦਕਾ ਹੀ ਸਾਥ ਥੋੜ-ਚਿਰਾ ਹੈ। ਜ਼ਿੰਦਗੀ ਦਾ ਗੰਭੀਰ ਦੁਖਾਂਤ ਤੇ ਅਨਜੋੜ ਇਸ ਅਣਸੁਖਾਵੇਂ ਵਿਅਕਤਿਤਵ ਸਦਕਾ ਹੀ ਵਾਪਰਦਾ ਹੈ।''[6]

ਨਿਰਸੰਦੇਹ ਦਲੀਪ ਕੌਰ ਟਿਵਾਣਾ ਨੇ ਔਰਤ ਦੇ ਸੰਤਾਪ ਨੂੰ ਉਸਦੇ ਸ੍ਵੈ ਦੇ ਵਿਅਕਤਿਤ੍ਵ ਦੇ ਪ੍ਰਗਟ ਹੋਣ ਨਾਲ ਜੋੜਿਆ ਹੈ। ਇਹ ਤੱਥ ਬੜਾ ਸਪਸ਼ਟ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਮਰਦ ਜਦੋਂ ਖੁਲ੍ਹੇ ਵਿਚਾਰਾਂ ਵਾਲਾ ਰੂਪ ਪ੍ਰਗਟਾ ਰਿਹਾ ਹੁੰਦਾ ਹੈ, ਉਹ ਰੂਪ ਉਸਦਾ ਅਸਲ ਚਿਹਰਾ ਨਹੀਂ ਹੁੰਦਾ। ਟਿਵਾਣਾ ਦੀ ਗਲਪ-ਦ੍ਰਿਸ਼ਟੀ ਵਿਚ ਹਰ ਮਰਦ ਅੰਦਰੋਂ ਜਾਗੀਰਦਾਰੀ ਸੋਚ ਵਾਲਾ ਹੀ ਹੁੰਦਾ ਹੈ ਅਤੇ ਉਹ ਇਹ ਸਹਿਨ ਨਹੀਂ ਕਰ ਸਕਦਾ ਕਿ ਉਸ ਦੀ ਪਤਨੀ ਜਾਂ ਪ੍ਰੇਮਕਾ ਆਪਣੇ ਵਿਅਕਤਿਤ੍ਵ ਦਾ ਪ੍ਰਗਟਾਵਾ ਕਰੇ। ਦਰਅਸਲ ਮਰਦ ਅਜਿਹੀ ਸਥਿਤੀ ਵਿਚ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਔਰਤ ਨੂੰ ਉਸਦੇ ਤ੍ਰਿਸਕਾਰ ਦਾ ਹੀ ਪਾਤਰ ਬਣਨਾ ਪੈਂਦਾ ਹੈ। ਸਮਾਜਕ ਸੰਦਰਭ ਵਿਚ ਵੀ ਇਹ ਤੱਥ ਸਹੀ ਹੈ ਕਿ ਔਰਤ ਨੇ ਜਦੋਂ ਵੀ ਸਮਾਜਕ ਨੇਮਾਂ ਤੋਂ ਸੁਤੰਤਰ ਹੋ ਕੇ ਆਪਣੀ ਆਤਮ ਪਛਾਣ ਦੇ ਮਸਲੇ ਦੀ ਸੁਰ ਜਗਾਈ ਹੈ, ਉਦੋਂ ਉਸ ਨੂੰ ਹਾਲਾਤਾਂ ਵਜੋਂ ਮਰਨਾ ਹੀ ਪਿਆ ਹੈ। ਮਧਕਾਲੀ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਕਿੱਸਾ ਕਾਵਿ ਵਿਚ ਹਰ ਉਸ ਔਰਤ ਨੂੰ ਮਰਨਾ ਪਿਆ ਹੈ, ਜਿਸ ਨੇ ਆਪਣੀ ਸੁਤੰਤਰ ਪ੍ਰੀਤ ਅਤੇ ਵਿਅਕਤਿਤ੍ਵ ਦੇ ਪ੍ਰਗਟਾਵੇ ਦੀ ਗੱਲ ਕੀਤੀ ਹੈ। ਟਿਵਾਣਾ ਦੇ ਨਾਵਲਾਂ ਵਿਚ ਇਹ ਸਥਿਤੀ ਬਾਰ ਬਾਰ ਉਭਰੀ ਹੈ। ਮਰਦ ਉਨੀ ਦੇਰ ਤਕ ਔਰਤ ਦੀ ਹੋਂਦ ਨੂੰ ਬਰਦਾਸ਼ਤ ਕਰਦਾ ਹੈ, ਜਿੰਨੀ ਦੇਰ ਤਕ ਉਸ ਨੂੰ ਔਰਤ ਦਾ ਵਿਅਕਤਿਤ੍ਵ ਆਪਣੇ ਅਧੀਨ ਰਹਿੰਦਾ ਜਾਪਦਾ ਹੈ। ਪ੍ਰੋ. ਅਮਰ ਵੀ ਸੀਮਾ ਅੱਗੇ ਆਦਰਸ਼ ਮਾਡਲ ਉਸਾਰਦਾ ਹੈ ਪਰੰਤੂ ਜਦੋਂ ਯਥਾਰਥ ਵਿਚ ਪਹੁੰਚਦਾ ਹੈ ਤਾਂ ਉਹੀ ਸੀਮਾ ਉਸ ਲਈ ਹੀਣ ਭਾਵਨਾ ਦਾ ਕਾਰਣ ਬਣ ਜਾਂਦੀ ਹੈ। ਇਸ ਹੀਣ ਭਾਵਨਾ ਦੇ ਕਾਰਨ ਹੀ ਸੀਮਾ ਪ੍ਰਤਿ ਉਸਦਾ ਪਿਆਰ, ਉਸਦੀ ਅਹਿਮ ਹੋਂਦ ਨੂੰ ਹਰ ਸਮੇਂ ਅਣਗੌਲਿਆ ਕਰਨ ਵਿਚ ਵੱਟ ਜਾਂਦਾ ਹੈ ਜਿਸ ਨੂੰ ਸੀਮਾ ਵਰਗੀ ਖੁਦਦਾਰ ਅਤੇ ਸੂਖਮ ਮਨ ਵਾਲੀ ਔਰਤ ਸਹਿ ਨਾ ਸਕੀ। ਉਸਦੀ ਤ੍ਰਾਸਦੀ ਇਹ ਰਹੀ ਕਿ ਉਹ ਆਮ ਔਰਤਾਂ ਵਾਂਗ ਪਤੀ ਨਾਲ ਲੜ ਕੇ ਜਾਂ ਰੋ ਕੇ ਆਪਣੇ ਅੰਦਰਲੇ ਸੰਤਾਪ ਨੂੰ ਬਾਹਰ ਸੁੱਟਣ ਵਿਚ ਅਸਮਰਥ ਰਹੀ। ਜਿਸ ਦੇ ਫਲਸਰੂਪ ਉਹ ਅੰਦਰੋ ਹੀ ਅੰਦਰ ਕਮਜ਼ੋਰ ਪਲਾਂ ਵਿਚ ਪਤੀ ਦੀ ਗ਼ੈਰ ਹਾਜ਼ਰੀ ਅਤੇ ਅਣਹੋਂਦ ਨੂੰ ਆਪਣੀ ਤੌਹੀਨ ਮਹਿਸੂਸਦੀ ਹੋਈ ਬਰੇਨ ਹੈਮਰੇਜ ਦਾ ਸ਼ਿਕਾਰ ਹੋ ਗਈ ਅਤੇ ਮਰ ਕੇ ਆਪਣੀ ਅਹਿਮ ਹੋਂਦ ਦਾ ਅਹਿਸਾਸ ਆਪਣੇ ਪਤੀ ਨੂੰ ਕਰਾ ਸਕੀ।

ਸਪੱਸ਼ਟ ਹੀ ਹੈ ਕਿ ਦਲੀਪ ਕੌਰ ਟਿਵਾਣਾ ਦੀ ਨਾਵਲੀ ਯਾਤਰਾ ਜਿਵੇਂ ਜਿਵੇਂ ਵਿਕਾਸ ਕਰਦੀ ਹੈ ਤਿਵੇਂ ਤਿਵੇਂ ਔਰਤ ਦੀ ਸਥਿਤੀ ਦੇ ਵਿਭਿੰਨ ਪਹਿਲੂ ਸਾਕਾਰ ਹੁੰਦੇ ਰਹਿੰਦੇ ਹਨ। ਪਹਿਲੇ ਦੌਰ ਵਿਚ ਜੇਕਰ ਉਹਦੀ ਗਲਪ ਵਿਚ ਜਾਗੀਰਦਾਰੀ ਸਿਸਟਮ ਵਿਚ ਤੜਫ਼ ਰਹੀ ਔਰਤ ਦਾ ਬਿੰਬ ਸੀ ਤਾਂ ਉਸ ਤੋਂ ਬਾਅਦ ਇਹ ਬਿੰਬ ਪੜ੍ਹੀ ਲਿਖੀ ਚੇਤੰਨ ਔਰਤ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਇਸੇ ਬਿੰਬ ਦਾ ਅਗਲਾ ਵਿਸਥਾਰ ਉਸ ਸੂਝਵਾਨ ਤੇ ਸਮਰੱਥਾਵਾਨ ਔਰਤ ਦੇ ਰੂਪ ਵਿਚ ਹੋਇਆ ਜੋ ਆਪਣਾ ਭਲਾ ਬੁਰਾ ਸੋਚ ਵੀ ਸਕਦੀ ਹੈ ਅਤੇ ਆਪਣੇ ਭਵਿਖ ਬਾਰੇ ਫੈਸਲਾ ਵੀ ਲੈ ਸਕਦੀ ਹੈ। ਉਹ ਅਜਿਹੇ ਮਰਦ ਸਾਥੀ ਨੂੰ ਆਪਣੇ ਜੀਵਨ ਵਿਚੋਂ ਕੱਢਣ ਲੱਗਿਆਂ ਉਕਾ ਹੀ ਡੋਲਦੀ ਨਹੀਂ ਜਿਹੜਾ ਉਸਨੂੰ ਆਪਣੇ ਬਰਾਬਰ ਮਾਣ ਸਤਿਕਾਰ ਨਹੀਂ ਦੇ ਸਕਦਾ। ਅਜਿਹੀ ਸਵੈ ਵਿਸ਼ਵਾਸ਼ ਤੇ ਮਨੋਬਲ ਵਾਲੀ ਔਰਤ ਦਾ ਭਰਪੂਰ ਬਿੰਬ ਸਾਨੂੰ ਟਿਵਾਣਾ ਦੇ ਨਾਵਲ 'ਪੈੜ ਚਾਲ' ਅਤੇ 'ਜ਼ਿੰਮੀ ਪੁਛੈ ਅਸਮਾਨ' ਦੀ ਸਿਮਰਨ ਵਿਚੋਂ ਵੀ ਮਿਲਦਾ ਹੈ ਅਤੇ 'ਪੌਣਾਂ ਦੀ ਜਿੰਦ ਮੇਰੀ' ਨਾਵਲ ਵਿਚੋਂ ਪਵਨ ਦੇ ਰੂਪ ਵਿਚ ਵੀ ਉਸ ਦਾ ਉਭਾਰ ਹੋਇਆ ਹੈ। ਸਿਮਰਨ ਦੇ ਰੂਪ ਵਿਚ ਉਸ ਔਰਤ ਦਾ ਰੂਪ ਉਘੜਦਾ ਹੈ ਜੋ ਤਰਸ ਜਾਂ ਤ੍ਰਾਸਦੀ ਦਾ ਪਾਤਰ ਬਣਨ ਤੋਂ ਪਾਰ ਚਲਾ ਜਾਂਦਾ ਹੈ। ਸਿਮਰਨ ਦੇ ਇਹ ਬੋਲ ਸਥਿਤੀ ਨੂੰ ਸਹੀ ਬੋਲ ਦੇਂਦੇ ਹਨ:ਜ਼

''ਮੈਂ ਔਰਤਾਂ ਦੀਆਂ ਲਿਖਤਾਂ ਦਾ ਦਾਰਸ਼ਨਿਕ ਆਧਾਰ ਲੱਭਣ ਲਈ ਕੰਮ ਸ਼ੁਰੂ ਕੀਤਾ ਸੀ ਪਰ ਅਜੇ ਤਕ ਇਹ ਵੀ ਸਪਸ਼ਟ ਨਹੀਂ ਹੋਇਆ ਕਿ ਇਕ ਔਰਤ ਲੇਖਕਾ ਦਾ ਮੁੱਲ-ਵਿਧਾਨ ਉਸ ਦੇ ਸ੍ਵੈ ਤੋਂ ਸ਼ੁਰੂ ਹੁੰਦਾ ਐ ਕਿ ਉਸ ਦੇ ਸ੍ਵੈ ਦੀ ਜਸਟੀਫਿਕੇਸ਼ਨ ਤੋਂ। ਲਗਦਾ ਐ ਔਰਤ ਨੂੰ ਭਾਵੇਂ ਉਹ ਲੇਖਕਾ ਹੀ ਐ ਅਜੇ ਤੱਕ ਇਹ ਵੀ ਸਪੱਸ਼ਟ ਨਹੀਂ ਕਿ ਉਹ ਚਾਹੁੰਦੀ ਕੀ ਹੈ ? ਅੰਮ੍ਰਿਤਾ ਨੂੰ ਮੈਂ ਬਹੁਤ ਤਕੜੀ ਔਰਤ ਸਮਝਦੀ ਸੀ ਜਿਸ ਨੇ ਜਿਵੇਂ ਜੀ ਕੀਤਾ ਜੀਉ ਲਿਆ ਪਰ ਹੁਣ ਉਹ ਆਖ਼ਰੀ ਵਰ੍ਹਿਆਂ ਵਿਚ ਜਾ ਕੇ ਆਪਣੇ ਉਸ ਜੀਊਣ ਦੇ ਕਾਰਨ ਹਸਤ-ਰੇਖਾਵਾਂ ਗ੍ਰਹਿ ਚੱਕਰਾਂ, ਸੌਰ ਮੰਡਲਾਂ ਵਿਚ ਦੇਖਦੀ ਹੈ, ਪਤਾ ਨਹੀਂ ਆਪਣੇ ਜੀਣ ਥੀਣ ਦੀ ਉਹ ਕਿਸ ਕੋਲੋਂ ਮੁਆਫ਼ੀ ਮੰਗ ਰਹੀਐ ?'' ਸਿਮਰਨ ਬੋਲੀ।''[7]

ਪਵਨ ਦੇ ਰੂਪ ਵਿਚ ਉਘੜਿਆ ਬਿੰਬ ਉਸ ਸੰਵੇਦਨਸ਼ੀਲ ਔਰਤ ਦਾ ਹੈ ਜੋ ਜੀਵਨ ਵਿਚ ਪਤੀ ਦੇ ਰਿਸ਼ਤੇ ਤੋਂ ਉਸਦੇ ਮਨਫੀ ਵਿਵਹਾਰ ਕਰਕੇ ਉਪਰਾਮ ਹੋ ਜਾਂਦੀ ਹੈ ਉਸਦੇ ਪਤੀ ਦਾ ਤ੍ਰਿਸਕਾਰ ਭਰਿਆ ਰਵਈਆ, ਉਸਦੀ ਬੌਧਿਕ ਹਉਮੈ, ਬੋਲ ਦਾ ਕਟੂਪਨ, ਤਿੱਖੇ ਵਿਅੰਗ, ਔਰਤਾਂ ਪ੍ਰਤੀ ਉਸਦੀ ਨੀਵੀਂ ਸੋਚ, ਪਤਨੀ ਨਾਲ ਤਸ਼ੱਦਦ ਭਰਿਆ ਵਿਵਹਾਰ, ਸ਼ੱਕੀ ਤਬੀਅਤ, ਅਮਾਲਵੀ ਬਿਰਤੀ ਪਵਨ ਨੂੰ ਸਿਰਫ਼ ਮਰਦ ਤੋਂ ਹੀ ਉਪਰਾਮ ਨਹੀਂ ਕਰਦੀ ਬਲਕਿ ਉਸ ਸਮਾਜ ਤੋਂ ਵੀ ਉਪਰਾਮ ਕਰਦੀ ਹੈ ਜਿਥੇ ਔਰਤ ਨੂੰ ਅਣਹੋਈ ਬਣਾ ਦਿਤਾ ਜਾਂਦਾ ਹੈ। ਅਜਿਹੀਆਂ ਸਥਿਤੀਆਂ ਦਾ ਕਲੇਸ਼ ਉਸਨੂੰ ਘਰ ਤਿਆਗਣ ਉਤੇ ਮਜ਼ਬੂਰ ਕਰਦਾ ਹੈ ਅਤੇ ਉਹ ਘਰੋਂ ਦੂਰ ਆਸ਼ਰਮ ਵਿਚ ਰਹਿਣ ਚਲੀ ਜਾਂਦੀ ਹੈ। ਆਸ਼ਰਮ ਵਿਚ ਵੀ ਕ੍ਰਿਆਤਮਕ ਰੂਪ ਵਿਚ ਰਹਿੰਦਿਆਂ ਪਵਨ ਇਕ ਉਚੇਰੀ ਅਵਸਥਾ ਉਪਰ ਪਹੁੰਚ ਜਾਂਦੀ ਹੈ। ਜਿਥੇ ਉਸਦੀ ਨਿਸਵਾਰਥਤਾ, ਆਪਣੇ ਰੁਤਬੇ ਦੀ ਹਉਮੈ ਦੀ ਤਿਆਗ ਤੋਂ ਪੈਦਾ ਹੋਈ ਪ੍ਰਕਿਰਤੀ ਨਾਲ ਜੁੜਨ ਦੀ ਭਾਵਨਾ, ਆਪਣੇ ਮੂਲ ਆਪੇ ਦੀ ਤਲਾਸ਼ ਉਸਨੂੰ ਆਪਣੇ ਆਪੇ ਤੋਂ ਉਪਰ ਉਠਾਉਣ ਦਾ ਕਰਮ ਕਰਦੀ ਹੈ। ਉਹ ਉਸ ਸਥਿਤੀ ਪਹੁੰਚ ਜਾਂਦੀ ਹੈ, ਜਿਸ ਵਿਚੋਂ ਮਨੁੱਖ ਨੂੰ ਮਹਾਂ-ਆਨੰਦ ਦੀ ਪ੍ਰਤੀਤੀ ਹੁੰਦੀ ਹੈ। ਇਹ ਕਿੰਤੂ ਕੀਤਾ ਜਾ ਸਕਦਾ ਹੈ ਕਿ ਸਮਾਜ ਦੇ ਤਿਆਗ ਦਾ ਮਾਡਲ ਜ਼ਿੰਦਗੀ ਦਾ ਪ੍ਰਤੀਕ ਕਿਵੇਂ ਕਿਹਾ ਜਾ ਸਕਦਾ ਹੈ ? ਇਸ ਦਾ ਉਤਰ ਇਹ ਹੈ ਕਿ ਅਪਵਾਦ ਮਾਰਗ ਵੀ ਤਾਂ ਮਾਰਗ ਮੰਨੇ ਜਾਂਦੇ ਹਨ। ਜੋ ਵਿਅਕਤੀ ਕਿਸੇ ਉਚੇਰੀ ਅਵਸਥਾ ਉਪਰ ਪਹੁੰਚ ਕੇ ਦੁਖ ਦਰਦ ਤੋਂ ਪਾਰ ਚਲਾ ਜਾਂਦਾ ਹੈ ਤਾਂ ਉਸ ਦਾ ਇਹ ਕਰਮ ਵੀ ਇਕ ਸੱਚ ਹੀ ਹੁੰਦਾ ਹੈ। ਪਵਨ ਇਸ ਅਵਸਥਾ ਨੂੰ ਸੁਖਦ, ਮਹਾਂ ਸਕੂਨ ਅਤੇ ਮਹਾਂ ਆਨੰਦੀ ਪ੍ਰਤੀਤ ਕਰਦੀ ਹੈ। ਉਸ ਦੀ ਇਹ ਸੋਚ ਅਤੇ ਸਥਿਤੀ ਇਨ੍ਹਾਂ ਸਤਰਾਂ ਵਿਚ ਦੇਖੋ:—

''ਪਵਨ ਨੂੰ ਲੱਗਦਾ ਨਿੱਤ ਸੂਰਜ ਚੜ੍ਹਦੈ, ਹਵਾ ਵੱਗਦੀ ਐ, ਧਰਤੀ ਸਿਰਜਦੀ ਐ, ਲੋਕ ਜੰਮਦੇ ਮਰਦੇ ਨੇ ਤੇ ਇਉਂ ਹੀ ਜ਼ਿੰਦਗੀ ਤੁਰਦੀ ਰਹਿੰਦੀ ਹੈ। ਮੈਂ ਵੀ ਤਾਂ ਤੁਰ ਰਹੀ ਹਾਂ, ਆਪਣੇ ਆਪ ਵੱਲ। ਇਹ ਸਾਰੀ ਕਾਇਨਾਤ ਹੀ ਤੁਰ ਰਹੀ ਹੈ, ਸਾਰੀ ਸ੍ਰਿਸ਼ਟੀ ਹੀ ਸਿਰਜੇ ਜਾਣ ਤੇ ਫ਼ਨਾਹ ਹੋਂਦ ਦੇ ਕਰਮ ਵਿਚੋਂ

ਲੰਘ ਰਹੀ ਹੈ ਤੇ ਸਾਰੀ ਸ੍ਰਿਸ਼ਟੀ, ਸਾਰੀ ਕਾਇਨਾਤ ਹੀ ਕਿਸੇ ਤਲਾਸ਼ ਵਿਚ ਤੁਰੀ ਜਾ ਰਹੀ ਹੈ— ਦੂਰ ਦਿਸਦੇ ਚਾਨਣ ਦੇ ਬਿੰਦੂ ਵੱਲ ਜਿੱਥੇ ਪਹੁੰਚ ਕੇ ਸਾਰੇ ਸਫ਼ਰ ਮੁਕ ਜਾਂਦੇ ਨੇ। ਦੁੱਖ ਸੁੱਖ ਤੋਂ ਪਾਰ, ਮਰਨ ਜੰਮਣ ਤੋਂ ਪਾਰ ਤੇ ਆਪਣੇ ਆਪ ਤੋਂ ਵੀ ਪਾਰ ਪਹੁੰਚ ਕੇ ਮਹਾਂ ਸ਼ਾਂਤੀ, ਮਹਾਂ ਸਕੂਨ 'ਤੇ ਮਹਾਂ ਆਨੰਦ ਦੀ ਅਵਸਥਾ ਵਿਚ ਪਹੁੰਚ ਕੇ ਅਗਲੀ ਯਾਤਰਾ ਸਮਾਪਤ ਹੋ ਜਾਂਦੀ ਹੈ। ਸ਼ਾਇਦ ਇਸੇ ਨੂੰ ਮੁਕਤੀ ਆਖਦੇ ਨੇ। ਇਥੇ ਰਹਿ ਕੇ ਪਵਨ ਕਈ ਸਤਹਾਂ ਤੇ ਜੀਅ ਰਹੀ ਸੀ।''[8]

ਇਸ ਤਰ੍ਹਾਂ ਇਹ ਮੰਨਿਆ ਜਾ ਸਕਦਾ ਹੈ ਕਿ ਦਲੀਪ ਕੌਰ ਟਿਵਾਣਾ ਔਰਤਾਂ ਦੇ ਵਿਭਿੰਨ ਬਿੰਬਾਂ ਨੂੰ ਭਿੰਨ-ਭਿੰਨ ਪਰਿਪੇਖਾਂ ਵਿਚ ਉਸਾਰਦੀ ਹੈ। ਇਹ ਪਰਿਪੇਖ ਸਮਾਜਕ ਧਰਾਤਲ ਦੀ ਹਕੀਕਤ ਨੂੰ ਬਿਆਨ ਕਰਨ ਵਾਲੇ ਹਨ। ਅਧਿਆਤਮਕ ਝਰੋਖੇ ਵਾਲੀ ਔਰਤ ਭਾਵੇ ਇਕ ਅਪਵਾਦ ਹੈ ਪਰ ਇਹ ਵੀ ਮਨੁੱਖੀ ਪਹੁੰਚ ਵਿਚ ਹੀ ਹੈ। ਇੱਛਾਵਾਂ ਤੋਂ ਨਿਰਲੇਪ ਹੋ ਕੇ ਨਿਰਵਾਣ ਤੀਕ ਪਹੁੰਚਣਾ ਵੀ ਮਾਨਵੀ ਪ੍ਰਾਪਤੀ ਮੰਨਿਆ ਜਾਵੇਗਾ। ਅਜਿਹੀ ਉਚੇਰੀ ਅਵਸਥਾ ਸਮਾਜ ਅੰਦਰ ਰਹਿੰਦਿਆਂ ਵੀ ਪਾਈ ਜਾ ਸਕਦੀ ਹੈ। ਨਿਰਸੰਦੇਹ ਅਧਿਆਤਮਕ ਝਰੋਖੇ ਵਾਲੇ ਮਾਡਲ ਵਿਚ ਔਰਤ ਦੀ ਮੁਕਤੀ ਦਾ ਇਕ ਪਾਸਾਰ ਇਹ ਵੀ ਹੈ ਕਿ ਜੇ ਉਹ ਚਾਹੇ ਤਾਂ ਆਪਣੀ ਹੋਂਦ ਨੂੰ ਇਕ ਨਵਾਂ ਰੰਗ ਵੀ ਦੇ ਸਕਦੀ ਹੈ। ਮਰਦ ਦੇ ਜਬਰ ਤੋਂ ਨਿਜਾਤ ਹਾਸਲ ਕਰ ਸਕਦੀ ਹੈ। ਇਹ ਮਾਰਗ ਹੈ ਤਾਂ ਔਖਾ ਪਰੰਤੂ ਇਸ ਮਾਰਗ ਉਪਰ ਮਨੁੱਖ ਨੂੰ ਆਪਣੀ ਪਛਾਣ ਅਵੱਸ਼ ਪ੍ਰਾਪਤ ਹੁੰਦੀ ਹੈ। ਅਧਿਆਤਮਕ ਝਰੋਖੇ ਦੀ ਇਕ ਵੱਡੀ ਪ੍ਰਾਪਤੀ ਇਹ ਹੁੰਦੀ ਹੈ ਕਿ ਮਨੁੱਖ ਨੂੰ ਆਤਮ ਜਗਤ ਦੇ ਰਹੱਸ ਦੀ ਪ੍ਰਤੀਤੀ ਅਵੱਸ਼ ਹੁੰਦੀ ਹੈ। ਆਤਮਿਕ ਸ਼ਕਤੀ ਹੀ ਮਨੁੱਖ ਨੂੰ ਬਾਹਰਲੇ ਸੰਸਾਰ ਦਾ ਸਾਹਮਣਾ ਕਰਨ ਦੇ ਸਮਰੱਥ ਬਣਾਉਂਦੀ ਹੈ। ਟਿਵਾਣਾ ਇਸ ਨਾਵਲ ਰਾਹੀਂ ਔਰਤ ਨੂੰ ਇਕ ਵੱਖਰੇ ਮਾਰਗ ਦੀ ਪ੍ਰਤੀਤੀ ਕਰਵਾਉਂਦੀ ਹੈ।

ਸਪੱਸ਼ਟ ਹੈ ਕਿ ਦਲੀਪ ਕੌਰ ਟਿਵਾਣਾ ਨੂੰ ਭਾਰਤੀ ਸਮਾਜ ਦੀਆਂ ਉਨ੍ਹਾਂ ਸਥਿਤੀਆਂ ਦਾ ਭਰਵਾਂ ਬੋਧ ਹੈ, ਜਿਨ੍ਹਾਂ ਦੇ ਅੰਤਰਗਤ ਔਰਤ ਅਣਹੋਈ ਬਣਾ ਦਿੱਤੀ ਜਾਂਦੀ ਹੈ। ਉਸ ਦੀ ਗਲਪ ਪ੍ਰਾਪਤੀ ਇਹ ਹੈ ਕਿ ਉਹ ਯਥਾਰਥ ਦੀਆਂ ਕਠੋਰ ਹਕੀਕਤਾਂ ਦਾ ਉਲੇਖ ਕਰਦੀ ਹੋਈ ਉਸ ਔਰਤ ਦਾ ਵੀ ਬਿੰਬ ਉਸਾਰਦੀ ਹੈ ਜੋ ਇਨ੍ਹਾਂ ਅਮਾਨਵੀ ਸਥਿਤੀਆਂ ਤੋਂ ਮੁੱਕਤ ਹੋਣ ਵੱਲ ਰਹੀ ਹੈ। ਉਸਦੀ ਵਡਿਆਈ ਵੀ ਹੈ ਕਿ ਉਹ ਪ੍ਰਤਿਬੱਧ ਲੇਖਕਾ ਹੈ ਅਤੇ ਔਰਤ ਦੀ ਆਜ਼ਾਦੀ ਲਈ ਨਿਰੰਤਰ ਲਿਖਦੀ ਆ ਰਹੀ ਹੈ। ਉਸ ਨੂੰ ਔਰਤ ਜ਼ਾਤ ਦੇ ਸੂਖਮ ਅੰਤਰ-ਵਿਰੋਧਾਂ ਦੀ ਵੀ ਸੋਝੀ ਹੈ। ਉਹ ਔਰਤ ਦਾ ਮਨ-ਮਸਤਕ ਪੜ੍ਹਨਾ ਜਾਣਦੀ ਹੈ। ਉਸ ਦੀ ਲੇਖਣੀ ਦੇ ਆਰ ਪਾਰ ਔਰਤ ਦੀ ਵੇਦਨਾ ਅਤੇ ਇਸ ਵੇਦਨਾ ਦੇ ਬਹੁ-ਪੱਖੀ ਪਰਿਪੇਖ ਦ੍ਰਿਸ਼ਟੀਗੋਚਰ ਹੋ ਰਹੇ ਹਨ ਜਿਨ੍ਹਾਂ ਵਿਚੋਂ ਇਕ ਪਰਿਪੇਖ ਇਹ ਵੀ ਹੈ ਕਿ ਔਰਤ ਜਦੋਂ ਪੁਰਖ ਹਥੋਂ ਰਿਜੈਕਟ ਹੁੰਦੀ ਹੈ ਤਾਂ ਉਹ ਆਪਣੇ ਮਨਮਸਤਕ ਵਿਚ ਕਿੰਨੀ ਗਿਰ ਜਾਂਦੀ ਹੈ।

ਟਿਵਾਣਾ ਦੇ ਨਾਵਲਾਂ ਵਿਚ ਔਰਤ ਪਾਤਰਾਂ ਵਿਚ ਆਈ ਇਹ ਵਿਵਹਾਰਕ ਤਬਦੀਲੀ ਸੰਘਣੇ ਦੁਖ ਦੇ ਲੰਬੇ ਪੈਂਡੇ ਤੋਂ ਬਾਦ ਹੀ ਆਈ ਹੈ। ਉਸਦੇ ਮੁੱਢਲੇ ਨਾਵਲਾਂ ਦੀਆਂ ਨਾਇਕਾਵਾਂ ਅਜਿਹਾ ਫੈਸਲਾ ਕਰਨ ਤੋਂ ਅਸਮਰਥ ਰਹੀਆਂ ਹਨ ਕਿਉਂਕਿ ਸ੍ਵੈ ਚੇਤਨਤਾ ਨੂੰ ਜੀਵਨ ਦੀ ਵਿਹਾਰਕਤਾ ਵਿਚ ਢਾਲਣ ਲਈ ਬੜਾ ਸੰਘਰਸ਼ ਕਰਨਾ ਪੈਂਦਾ ਹੈ। ਇਸੇ ਸੰਘਰਸ਼ ਦੇ ਰਾਹ ਤੋਂ ਹੀ 'ਸਰਕੰਡਿਆਂ ਦੇ ਦੇਸ਼' ਦੀ ਪ੍ਰੀਤੀ ਲੰਘੀ ਪਰ ਮੂਕ ਆਵਾਜ਼ ਹੋਣ ਕਾਰਨ ਮਰਦ ਪ੍ਰਧਾਨ ਸਮਾਜ ਵਿਚ ਹਮੇਸ਼ਾਂ ਲਈ ਦਫਨਾ ਦਿੱਤੀ ਗਈ। ਮਰਦ ਹੱਥੋਂ ਰਿਜੈਕਟ ਹੋਣ ਦਾ ਅਸਹਿ ਦੁੱਖ 'ਵਾਟ ਹਮਾਰੀ' ਦੀ ਕੇਂਦਰੀ ਪਾਤਰ **ਕੰਵਲ** ਨੇ ਵੀ ਸਹਿਆ ਅਤੇ ਹਮੇਸ਼ਾਂ ਲਈ ਵਿਆਹ ਨਾ ਕਰਾਉਣ ਦਾ ਫੈਸਲਾ ਕੀਤਾ ਪਰ ਉਸਦੇ ਇਸ ਸੁਤੰਤਰਤ ਫੈਸਲੇ ਨੂੰ ਭਾਈਚਾਰਾ ਪ੍ਰਵਾਨ ਨਹੀਂ ਕਰ ਸਕਿਆ ਅਤੇ ਉਸਨੂੰ ਇਕ ਬੌਨੇ ਪਾਤਰ ਹਰਨੇਕ ਨਾਲ ਆਪਣਾ ਜੀਵਨ ਜੀਊਣ ਲਈ ਮਜਬੂਰ ਹੋਣਾ ਪਿਆ। ਇਸ ਤਰ੍ਹਾਂ ਭਾਰਤੀ ਪਰਿਵੇਸ਼ ਦੇ ਜਾਗੀਰਦਾਰੀ ਸਿਸਟਮ ਵਿਚ ਸੁਘੜ ਸਿਆਣੀ ਸੰਵੇਦਨਸ਼ੀਲ ਕੰਵਲ ਨੂੰ ਇਕ ਲੰਮਾ ਮਨੋਸੰਤਾਪ ਸਹਿਣ ਲਈ ਮਜਬੂਰ ਹੋਣਾ ਪਿਆ। ਸਮਾਜ ਦੀਆਂ ਅਜਿਹੀਆਂ ਤਨਾਓ ਭਰਪੂਰ ਅਤੇ ਸੰਘਰਸ਼ਸ਼ੀਲ ਸਥਿਤੀਆਂ ਵਿਚੋਂ ਗੁਜ਼ਰਦੀ ਹੋਈ ਔਰਤ ਜੇ ਅੱਜ ਇਸ ਮੁਕਾਮ ਉਤੇ ਪੁੱਜ ਗਈ ਹੈ ਕਿ ਉਸਨੇ ਆਪਣੇ ਅੰਦਰ ਮਰਦ ਦੀ ਤੌਹੀਨ ਦੇ ਵਿਰੁਧ ਡੱਟਣ ਲਈ ਮਨੋਬਲ ਪੈਦਾ ਕਰ ਲਿਆ ਹੈ ਤਾਂ ਇਹ ਉਸਦੀ ਇਕ ਵੱਡੀ ਪ੍ਰਾਪਤੀ ਵੀ ਹੈ। ਇਹ ਪ੍ਰਾਪਤੀ ਉਸਦੀ ਜੀਵਨ ਸੋਚ ਦੇ ਬਦਲ ਜਾਣ ਵਿਚ ਵੀ ਹੈ ਕਿ ਉਹ ਮਰਦ ਦੀ ਪਿੱਛਲਗ ਬਣ ਕੇ ਜੀਊਣ ਨਾਲੋਂ ਇਕੱਲਿਆਂ ਰਹਿਣ ਨੂੰ ਤਰਜੀਹ ਦੇਣ ਲੱਗੀ ਹੈ। 'ਭਉਜਲ' ਦੀ 'ਸ਼ਬਨਮ' ਦੀ ਜੀਵਨ ਸੋਚ ਨੇ ਇਹੋ ਤਰਜੀਹ ਦੇ ਕੇ ਆਪਣੇ ਆਪ ਨੂੰ ਆਪਣੇ ਮਰਦ ਸਾਥੀ ਤੋਂ ਅਲਹਿਦਾ ਕੀਤਾ। ਆਧੁਨਿਕ ਸੋਚ ਵਾਲੇ ਅਜੋਕੇ ਸਮਾਜ ਵਿਚ ਜਦੋਂ ਔਰਤ ਦੇ ਰਵੱਈਏ ਵਿਚ ਇਹ ਤਬਦੀਲੀ ਵਾਪਰੇਗੀ ਤਾਂ ਗਲਪ ਵਿਚ ਇਸਦਾ ਚਿਤਰਣ ਸਹਿਜੇ ਹੀ ਹੋਵੇਗਾ।

ਦਲੀਪ ਕੌਰ ਟਿਵਾਣਾ ਬਾਰੇ ਇਹ ਵਿਚਾਰ ਸਾਨੂੰ ਬੁਨਿਆਦੀ ਰੂਪ ਵਿਚ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਉਹ ਪਰੰਪਰਾਗਤ ਸੋਚ ਵਾਲੇ ਨਾਵਲਕਾਰਾਂ ਵਾਂਗੂ ਕਿਸੇ ਆਦਰਸ਼ਵਾਦ ਦੀ ਟੇਕ ਨਹੀਂ ਲੈਂਦੀ ਅਤੇ ਨਾ ਹੀ ਸਥਿਤੀਆਂ ਦਾ ਸਰਲੀਕਰਣ ਕਰਦੀ ਹੈ। ਦੁਖਾਂਤਕ ਹੋਣੀਆਂ ਨੂੰ ਜਦੋਂ ਮਨਇੱਛਿਤ ਘਟਨਾਵਾਂ ਰਾਹੀਂ ਸੁਖਾਂਤਕ ਬਣਾਇਆ ਜਾਵੇਗਾ ਤਾਂ ਉਦੋਂ ਹੀ ਯਥਾਰਥ ਦਾ ਬਿੰਬ ਭੰਗ ਹੋਵੇਗਾ। ਟਿਵਾਣਾ ਅਜਿਹੇ ਸਰਲੀਕਰਣ ਨੂੰ ਯਥਾਰਥ ਦਾ ਵਿਸਿਰਜਣ ਮੰਨਦੀ ਹੈ। ਡਾ. ਸਤਿੰਦਰ ਸਿੰਘ ਨੂਰ ਨੇ ਟਿਵਾਣਾ ਦੀ ਇਸੇ ਦ੍ਰਿਸ਼ਟੀ ਨੂੰ ਉਸਦੀ ਵਿਲੱਖਣਤਾ ਮੰਨਿਆ ਹੈ। ਉਸਦੇ ਸ਼ਬਦਾਂ ਵਿਚ:—

''ਟਿਵਾਣਾ ਉਨ੍ਹਾਂ ਦੀ ਸਥਿਤੀ ਬਾਰੇ ਪ੍ਰੰਪਰਕ ਨਾਵਲਕਾਰਾਂ ਵਾਂਗ ਕੋਈ ਨਿਰਣਾ ਨਹੀਂ ਦੇਣਾ ਚਾਹੁੰਦੀ। ਉਹ ਕਿਸੇ ਕਿਸਮ ਦੇ ਆਦਰਸ਼ਵਾਦ ਦੀ ਕਾਇਲ ਨਹੀਂ। ਉਹ ਉਨ੍ਹਾਂ ਦੀਆਂ ਸਥਿਤੀਆਂ ਤੇ ਯਥਾਰਥ ਨੂੰ ਸਾਕਾਰ ਕਰ ਦਿੰਦੀ ਹੈ। ਉਹ ਉਨ੍ਹਾਂ ਨੂੰ ਮਨੁੱਖੀ ਯਥਾਰਥ ਦੇ ਪ੍ਰਸੰਗ ਵਿਚ ਨਹੀਂ ਬੰਨ੍ਹਦੀ। ਉਨ੍ਹਾਂ ਦੇ ਭਾਵੁਕ (ਉਪਭਾਵੁਕ ਨਹੀਂ) ਜਗਤ ਦੀਆਂ ਸਥਿਤੀਆਂ ਹਨ। ਇਨ੍ਹਾਂ ਸਥਿਤੀਆਂ ਨੂੰ ਉਹ ਕਿਸੇ ਸੁਚੇਤ ਨਿਅੰਤਰਣ ਵਿਚ ਨਹੀਂ ਬੰਨ੍ਹ ਸਕਦੇ। ਇਉਂ ਉਨ੍ਹਾਂ ਦੀਆਂ ਸਥਿਤੀਆਂ ਦਾ ਯਥਾਰਥ ਤਿੜਕਦਾ ਹੈ। ਉਹ ਆਪਣੀ ਤ੍ਰਾਸਦੀ ਵਿਚ ਵੀ ਸਹਿਜ ਨਾਲ ਵਿਚਰਦੇ ਹਨ। ਇਹੀ ਟਿਵਾਣਾ ਦੀ ਵਿਲੱਖਣਤਾ ਹੈ।''[9]

ਸਮੀਖਿਆਤਮਕ ਦ੍ਰਿਸ਼ਟੀ ਤੋਂ ਵਿਚਾਰਿਆਂ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਜਿਥੇ ਵਿਅਕਤੀਗਤ ਸਥਿਤੀਆਂ ਦਾ ਬੋਧ ਹੁੰਦਾ ਹੈ, ਉਥੇ ਨਾਲ ਹੀ ਉਹ ਸਮੁੱਚੀ ਸਮਾਜਕ ਧਰਾਤਲ ਵੀ ਸਾਕਾਰ ਹੋ ਜਾਂਦੀ ਹੈ, ਜਿਸ ਦੇ ਅੰਤਰਗਤ ਔਰਤ ਤ੍ਰਾਸਦ ਹੋਣੀ ਭੋਗਣ ਲਈ ਮਜ਼ਬੂਰ ਹੋ ਜਾਂਦੀ ਹੈ। ਹਰ ਨਾਵਲ ਵਿਚ ਔਰਤ ਵਿਭਿੰਨ ਸਥਿਤੀਆਂ ਦੇ ਦਰਪੇਸ਼ ਹੈ। ਸਥਿਤੀਆਂ ਪ੍ਰਤਿ ਪ੍ਰਤਿਉੱਤਰ ਅਤੇ ਵਿਵਹਾਰ ਉਸਦੀ ਵੇਦਨਾ ਨੂੰ ਇਕ ਵਿਲੱਖਣ ਧਰਾਤਲ ਹੀ ਪ੍ਰਦਾਨ ਕਰਦਾ ਹੈ। ਜੋ ਤੱਥ ਸਭ ਨਾਵਲਾਂ ਵਿਚ ਇਕੋ ਜਿਹਾ ਹੈ, ਉਹ ਇਹ ਹੈ ਕਿ ਔਰਤ ਅਜੇ ਵੀ ਤ੍ਰਾਸਦ ਹੋਣੀ ਭੋਗਣ ਲਈ ਬੇਵੱਸ ਹੈ। ਸਥਿਤੀਆਂ ਅਵੱਸ਼ ਬਦਲਦੀਆਂ ਹਨ, ਪਰ ਮਰਦ ਦੀ ਸੋਚ ਵਿਚ ਅਜੇ ਵੀ ਔਰਤ ਚੰਮ ਦੀ ਗੁੱਡੀ ਸਮਝੀ ਜਾਂਦੀ ਹੈ। ਦੇਹ ਤੋਂ ਦੇਹ ਤਕ ਫੈਲਣ ਵਾਲੀ ਸੋਚ ਵਿਚ ਰੂਹ ਦੀ ਖੁਸ਼ਬੂ ਖਾਰਿਜ ਹੁੰਦੀ ਹੈ। ਮਰਦ ਦੀ ਦ੍ਰਿਸ਼ਟੀ ਅਜੇ ਵੀ ਰੂਹ ਦੇ ਸਾਥ ਤੋਂ ਸੱਖਣੀ ਹੈ। ਇਸੇ ਲਈ ਔਰਤ ਦੀ ਅੰਤਰ ਆਤਮਾ ਅਭਿੱਜ ਰਹਿੰਦੀ ਹੈ, ਉਸ ਦੀ ਸੰਪੂਰਨ ਮਰਦ ਦੀ ਤਲਾਸ਼ ਨਿਰਾਸ ਰਹਿ ਜਾਂਦੀ ਹੈ। ਇਹੀ ਝਰੋਖਾ ਟਿਵਾਣਾ ਦੇ ਨਾਵਲਾਂ ਵਿਚੋਂ ਉਦੈ ਹੁੰਦਾ ਹੈ।

## ਟਿੱਪਣੀਆਂ ਤੇ ਹਵਾਲੇ


1. ਪ੍ਰੀਤ ਕਮਲ, ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਔਰਤ ਮਰਦ ਦੇ ਰਿਸ਼ਤਿਆਂ ਦਾ ਚਿਤਰਣ (ਸ਼ੋਧ-ਨਿਬੰਧ), ਪੰਨਾ-114.
2. ਉਹੀ-, ਪੰਨਾ-87.
3. ਉਹੀ-, ਪੰਨਾ-12.
4. ਉਹੀ-, ਪੰਨਾ-14.
5. ਦਲੀਪ ਕੌਰ ਟਿਵਾਣਾ, ਪੌਣਾਂ ਦੀ ਜਿੰਦ ਮੇਰੀ, ਪੰਨਾ-62.
6. ਡਾ. ਤਾਰਾ ਸਿੰਘ, ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ : ਪਰੰਪਰਾ ਅਤੇ ਆਧੁਨਿਕਤਾ ਦਾ ਸੰਵਾਦ, ਪੰਨਾ-79.
7. ਦਲੀਪ ਕੌਰ ਟਿਵਾਣਾ, ਜਿਮੀ ਪੁਛੈ ਅਸਮਾਨ, ਪੰਨਾ-76.
8. ਦਲੀਪ ਕੌਰ ਟਿਵਾਣਾ, ਪੌਣਾਂ ਦੀ ਜਿੰਦ ਮੇਰੀ, ਪੰਨੇ-190-191.
9. ਸੁਤਿੰਦਰ ਸਿੰਘ ਨੂਰ, ਪੰਜਾਬੀ ਗਲਪ ਚੇਤਨਾ, ਪੰਨਾ-52.